ਇਹੀ ਹਾਲਤ 2019 ਵਿੱਚ ਕਰਨ-ਾਟਕ ਵਿੱਚ ਦੇਖੀ ਗਈ, ਜਦੋਂ ਕਾਂਗਰਸ-ਜਨਤਾ ਦਲ (ਐਸ) ਦੇ ਵਿਧਾਇਕ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਕੁਮਾਰਸਵਾਮੀ ਸਰਕਾਰ ਡਿੱਗ ਗਈ ਅਤੇ ਯੇਦੀਯੁਰੱਪਾ ਸਰਕਾਰ ਸੱਤਾ ਵਿੱਚ ਆਈ। ਇਹ ਦਲਬਦਲ ਕਰਨ ਵਾਲੇ ਨੇਤਾ ਲੋਕਤੰਤਰੀ ਸਿਧਾਂਤ ਤੇ ਵੋਟ ਰਾਹੀਂ ਆਪਣੀ ਸਰਕਾਰ ਚੁਣਨ ਦੇ ਵੋਟਰਾਂ ਦੇ ਅਧਿਕਾਰ ਦੀ ਉਲੰਘਣਾ ਕਰ ਰਹੇ ਹਨ। ਇਸ ਦੇ ਇਲਾਵਾ ਰਾਜ ਸਭਾ ਵਿੱਚ ਤੇਲਗੂ ਦੇਸਮ ਪਾਰਟੀ ਦੇ ਛੇ ਮੈਂਬਰਾਂ ਵਿੱਚੋਂ ਭਾਜਪਾ ਦੇ ਨਾਲ ਚਾਰ ਜਣੇ ਜਾ ਜੁੜੇ ਅਤੇ ਗੋਆ ਵਿੱਚ 15 ਵਿੱਚੋਂ 10 ਵਿਧਾਇਕ ਭਾਜਪਾ ਨਾਲ ਬਾਹਰੋਂ ਆਏ ਸਨ, ਜਿਨ੍ਹਾਂ ਵਿੱਚੋਂ 3 ਨੂੰ ਮੰਤਰੀ ਬਣਾਇਆ ਗਿਆ ਸੀ। ਇਹ ਸਭ ਕੁਝ ਕਾਨੂੰਨੀ ਸੀ, ਕਿਉਂਕਿ ਇਹ ਫੁੱਟ ਅਤੇ ਦਲਬਦਲ ਵਿਰੋਧੀ ਕਾਨੂੰਨ ਦੀ ਦੋ ਤਿਹਾਈ ਦੀ ਹੱਦ ਪੂਰੀ ਕਰਦੇ ਸਨ। ਇਹ ਸਭ ਦੱਸਦਾ ਹੈ ਕਿ ਸਾਡੀ ਦਸਵੀਂ ਸ਼ਡਿਊਲ ਵਿੱਚ ਗੰਭੀਰ ਖਾਮੀਆਂ ਹਨ, ਜਿਸ ਵਿੱਚ ਇਹ ਪ੍ਰਬੰਧ ਹੈ ਕਿ ਵਿਧਾਇਕ ਪਾਰਟੀ ਦੇ ਦੋ ਤਿਹਾਈ ਮੈਂਬਰ ਅਯੋਗਤਾ ਦੀ ਵਿਵਸਥਾ ਨੂੰ ਲਾਗੀ ਕੀਤੇ ਬਿਨਾਂ ਪਾਰਟੀ ਦੀ ਵੰਡ ਨਹੀਂ ਕਰ ਸਕਦੇ। ਮਿਸਾਲ ਲਈ ਕਾਂਗਰਸ ਅਤੇ ਤੇਲਗੂ ਦੇਸਮ ਪਾਰਟੀ ਵਿੱਚ ਫੁੱਟ ਨਹੀਂ ਪਈ ਅਤੇ ਨਾ ਹੀ ਉਨ੍ਹਾਂ ਦੀ ਵਿਧਾਇਕ ਜਾਂ ਪਾਰਲੀਮੈਂਟਰੀ ਪਾਰਟੀ ਜਾਂ ਲੋਕ ਸਭਾ ਮੈਂਬਰਾਂ ਵਿੱਚ ਫੁੱਟ ਪਈ, ਇਸ ਲਈ ਦਸ ਵਿਧਾਂਇਕ ਅਤੇ ਚਾ ਪਾਰਲੀਮੈਂਟ ਮੈਂਬਰ ਕਿਵੇਂ ਰਲੇਵਾਂ ਕਰ ਸਕਦੇ ਸਨ। ਸਾਲ 2017 ਵਿੱਚ ਅਰੁਣਾ-ਚਲ ਪ੍ਰਦੇਸ਼ ਵਿੱਚ ਮੁੱਖ ਮੰਤਰੀ ਖਾਂਡੂ ਵੱਲੋਂ ਪਾਸ ਬਦਲਣ ਦੇ ਬਾਅਦ ਉਥੇ ਭਾਜਪਾ ਸੱਤਾ ਵਿੱਚ ਆਈ। ਇਹ 1967 ਦੇ 'ਆਯਾ ਰਾਮ, ਗਯਾ ਰਾਮ' ਦੇ ਸੱਭਿਆਚਾਰ ਦੀ ਯਾਦ ਦਿਵਾਉਂਦੀ ਹੈ, ਜਦੋਂ ਹਰਿਆਣਾ ਦੇ ਇੱਕ ਆਜ਼ਾਦ ਵਿਧਾਇਕ ਨੇ ਸਿਰਫ 15 ਦਿਨਾਂ ਵਿੱਚ ਤਿੰਨ ਪਾਰਟੀਆਂ ਬਦਲੀਆਂ ਸਨ। ਉਸਦੇ ਬਾਅਦ ਭਜਨਲਾਲ ਨੇ ਦਲਬਦਲ ਕੀਤਾ ਅਤੇ ਉਨ੍ਹਾਂ ਦੀ ਜਨਤਾ ਪਾਰਟੀ ਸਰਕਾਰ ਦੀ ਥਾਂ ਉੱਤੇ ਕਾਂਗਰਸ ਦੀ ਸਰਕਾਰ ਬਣੀ ਅਤੇ ਇਸ ਤਰ੍ਹਾਂ ਦਲਬਦਲ ਦਾ ਰਾਹ ਪੱਧਰਾ ਹੋਇਆ ਅਤੇ ਇੰਦਰਾ ਗਾਂਧੀ ਦੇ 60 ਤੋਂ 80 ਦੇ ਦਹਾਕੇ ਵਿੱਚ ਇਸ ਨੂੰ ਸੰਸਥਾਗਤ ਸਥਾਨ ਮਿਲਿਆ।

1967 ਅਤੇ 1983 ਦੌਰਾਨ ਪਾਰਲੀਮੈਂਟ ਵਿੱਚ 162 ਵਾਰ ਅਤੇ ਸੂਬਾਈ ਵਿਧਾਨ ਸਭਾਵਾਂ ਵਿੱਚ 2700 ਵਾਰ ਦਲਬਦਲ ਦੇਖਣ ਨੂੰ ਮਿਲਿਆ। ਇਸ ਦੌਰਾਨ 212 ਦਲਬਦਲੂਆਂ ਨੂੰ ਮੰਤਰੀ ਬਣਾਇਆ ਗਿਆ ਤੇ 15 ਦਲਬਦਲੂਆਂ ਨੂੰ ਮੁੱਖ ਮੰਤਰੀ ਬਣਾਇਆ ਸੀ। ਇਹ ਅੰਕੜੇ ਪੀ ਆਰ ਐਸ ਲੈਜਿਸਲੇਟਿਵ ਰਿਸਰਚ ਨੇ ਪੇਸ਼ ਕੀਤੇ ਹਨ। ਇਨ੍ਹਾਂ ਵਿੱਚੋਂ ਕਈ ਨੇਤਾਵਾਂ ਨੇ ਇੱਕ ਵਾਰ ਤੋਂ ਵੱਧ ਅਤੇ ਕੁਝ ਨੇ ਪੰਜ ਵਾਰ ਵੀ ਦਲਬਦਲ ਕੀਤਾ। ਇੱਕ ਵਿਧਾਇਕ ਨੇ ਮੰਤਰੀ ਬਣਨ ਲਈ ਪੰਜ ਵਾਰ ਦਲਬਦਲ ਕੀਤਾ। ਉਨ੍ਹਾਂ ਦਾ ਖਰੀਦ ਮੁੱਲ ਸੀਮਾਂਤ ਪ੍ਰਤੀਫਲ ਦੇ ਸਿਧਾਂਤ ਰਾਹੀਂ ਸ਼ਾਸਿਤ ਹੁੰਦਾ ਹੈ ਜਿਸ ਗੱਲ ਨੂੰ ਝਾਰਖੰਡ ਮੁਕਤੀ ਮੋਰਚਾ ਦੇ ਸੂਰਜ ਮੰਡਲ ਨੇ 1993 ਵਿੱਚ ਲੋਕ ਸਭਾ ਵਿੱਚ ਸਪੱਸ਼ਟ ਕਿਹਾ ਸੀ ਕਿ ਪੈਸਾ ਬੋਰੀਆਂ ਵਿੱਚ ਆਉਂਦਾ ਹੈ। ਇਹ ਸਭ ਬੜੇ ਸਟੀਕ ਢੰਗ ਨਾਲ ਕੀਤਾ ਜਾਂਦਾ ਹੈ। ਇਸ ਵਿੱਚ ਦਿਲਾਂ ਦੇ ਮੇਲ ਸਿਧਾਂਤ ਜਾਂ ਨਿੱਜੀ ਲਗਾਅ ਲਈ ਕੋਈ ਥਾਂ ਨਹੀਂ। ਸਰਪ੍ਰਸਤੀ, ਮੌਕਵਾਦ ਤੇ ਸੱਤਾ ਵਿੱਚ ਹਿੱਸੇਦਾਰੀ ਦਲਬਦਲੂਆਂ ਨੂੰ ਪ੍ਰੇਰਿਤ ਕਰਦੀ ਹੈ ਜਿਸ ਕਾਰਨ ਵੱਖ-ਵੱਖ ਵਿਚਾਰਧਾਰਾਵਾਂ ਵਾਲੀਆਂ ਪਾਰਟੀਆਂ ਇਕੱਠੀਆਂ ਆ ਜਾਂਦੀਆਂ ਹਨ ਤੇ ਵਿਧਾਇਕਾਂ ਦੀ ਖਰੀਦੋ-ਫਰੋਖਤ ਇੱਕ ਹੁਨਰਮੰਦ ਸਿਆਸੀ ਪ੍ਰਬੰਧ ਮੰਨਿਆ ਜਾਣ ਲੱਗਦਾ ਹੈ।

ਸਵਾਲ ਉਠਦਾ ਹੈ ਕਿ ਕੀ ਦਲਬਦਲ ਸੰਵਿਧਾਨਕ ਪਾਪ ਹੈ? ਬਿਲਕੁਲ ਹੈ। ਸੁਪਰੀਮ ਕੋਰਟ ਨੇ ਸਾਲ 2017 ਵਿੱਚ ਉਤਰਾਖੰਡ ਦੇ ਮੁੱਖ ਮੰਤਰੀ ਹਰੀਸ਼ ਰਾਵਤ ਦੇ ਕੇਸ ਵਿੱਚ ਇਹੋ ਕਿਹਾ ਸੀ। ਅੱਜ ਸਿਆਸੀ ਪਾਰਟੀਆਂ ਦੀ ਗਿਣਤੀ ਖੁੰਬਾਂ ਵਾਂਗ ਵੱਧ ਰਹੀ ਹੈ। ਇਸ ਕਾਰਨ ਪਾਰਟੀਆਂ ਵਿੱਚ ਫੁੱਟ ਆਮ ਗੱਲ ਹੋ ਗਈ ਤੇ ਚੋਣਾਂ ਲੜਨ ਦੀ ਬਜਾਏ ਵਿਧਾਇਕ ਖਰੀਦਣਾ ਸੌਖਾ ਹੋ ਗਿਆ ਹੈ ਤੇ ਅਜਿਹੇ ਵਿਧਾਇਕ ਸਭ ਤੋਂ ਉਚੀ ਬੋਲੀ ਲਾਉਣ ਵਾਲੇ ਨੂੰ ਆਪਣੀ ਸਿਆਸੀ ਆਤਮ ਵੇਚ ਦਿੰਦੇ ਹਨ ਅਤੇ ਅੱਜ ਦੀ ਸਿਆਸੀ ਡਰਾਮੇਬਾਜ਼ੀ ਵਿੱਚ ਕਿੰਗਮੇਕਰ ਬਣ ਗਏ ਹਨ। ਇਨ੍ਹਾਂ ਥੋੜ੍ਹਚਿਰੇ ਲਾਭਾਂ ਦੀ ਲੰਬੇ ਸਮੇਂ ਵਿੱਚ ਕੀਮਤ ਅਦਾ ਕਰਨੀ ਪੈਂਦੀ ਹੈ।

ਕੀ ਹੇਰਾਫੇਰੀ ਅਤੇ ਰਣਨੀਤੀਆਂ ਰਾਹੀਂ ਦਲਬਦਲ ਨੂੰ ਸੁਖਾਲਾ ਬਣਾਉਣ ਲਈ ਕਾਨੂੰਨ ਵਿੱਚ ਖਾਮੀਆਂ ਛੱਡਣੀਆਂ ਇੱਕ ਸਾਜ਼ਿਸ਼ ਹੈ? ਮੌਜੂਦਾ ਕਾਨੂੰਨ ਦਲਬਦਲ ਨੂੰ ਰੋਕਣ ਪੈਸੇ ਦਾ ਪ੍ਰਵਾਹ ਘਟਾਉਣ ਤੇ ਅਹੁਦੇ ਦੇ ਲਾਲਚ ਨੂੰ ਦੇਖਣ ਵਿੱਚ ਅਸਫਲ ਰਿਹਾ ਹੈ। ਇਸ ਲਈ ਦਲਬਦਲ ਰੋਕੂ ਕਾਨੂੰਨ ਵਿੱਚ ਇਨ੍ਹਾਂ ਗੰਭੀਰ ਖਾਮੀਆਂ ਨੂੰ ਦੂਰ ਕਰਨਾ ਹੋਵੇਗਾ। ਸਾਡੇ ਕਾਨੂੰਨ ਨਿਰਮਾਤਾਵਾਂ ਨੂੰ 10ਵੀਂ ਅਨੁਸੂਚੀ ਵਿੱਚ ਸੋਧ ਕਰਨੀ ਹੋਵੇਗੀ ਅਤੇ ਮੂਲ ਪਾਰਟੀ ਜਾਂ ਉਸ ਦੀ ਵਿਧਾਨਿਕ ਸ਼ਾਖਾ ਵਿੱਚ ਦਲਬਦਲ ਨੂੰ ਸਪੱਸ਼ਟ ਕਰਨਾ ਹੋਵੇਗਾ।ਪਾਰਟੀ ਸੰਗਠਨ ਵਿੱਚ ਦਲਬਦਲ ਦੀ ਅਣਦੇਖੀ ਇੱਕ ਪ੍ਰਭਾਵੀ ਉਪਾਅ ਹੋ ਸਕਦਾ ਹੈ। ਇਹ ਸਪੱਸ਼ਟ ਕਰਨਾ ਹੋਵੇਗਾ ਕਿ ਉਸ ਉਮੀਦਵਾਰ ਦੀ ਸਥਿਤੀ ਕੀ ਹੋਵੇਗੀ ਜੇਕਰ ਉਹ ਚੋਣ ਤੋਂ ਪਹਿਲਾਂ ਪਾਰਟੀ ਛੱਡ ਦਿੰਦਾ ਹੈ ਅਤੇ ਵਿਰੋਧੀ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ? ਜੇ ਉਹ ਚੁਣਿਆ ਜਾਂਦਾ ਹੈ ਤਾਂ ਕੀ ਉਹ ਅਯੋਗ ਠਹਿਰਾਇਆ ਜਾ ਸਕਦਾ ਹੈ? ਨਾ ਸਿਰਫ ਕਿਸੇ ਵਿਧਾਇਕ ਨੂੰ ਅਯੋਗ ਐਲਾਨਿਆ ਜਾਣਾ ਚਾਹੀਦਾ ਹੈ ਸਗੋਂ 10 ਸਾਲ ਲਈ ਚੋਣ ਲੜਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਉਸ ਨੇ ਲੋਕ ਫਤਵੇ ਨੂੰ ਖੰਡਿਤ ਕੀਤਾ ਹੈ।

ਇਸ ਸਮੱਸਿਆ ਦਾ ਹੱਲ ਕੀ ਹੈ? ਕੋਈ ਵੀ ਪਾਰਟੀ ਜਾਂ ਨੇਤਾ ਇਸ ਬਾਰੇ ਠੋਸ ਕਦਮ ਨਹੀਂ ਚੁੱਕਣਾ ਚਾਹੁੰਦਾ ਕਿਉਂਕਿ ਦਲਬਦਲ ਨਾਲ ਸਾਰਿਆਂ ਨੂੰ ਲਾਭ ਹੁੰਦਾ ਹੈ। ਸਿਧਾਂਤਾਂ ਅਤੇ ਨੈਤਿਕਤਾ ਦੇ ਬਿਨਾਂ ਸਿਆਸਤ ਲੋਕਤੰਤਰ ਲਈ ਖਤਰਨਾਕ ਹੈ ਕਿਉਂਕਿ ਇਸ ਨਾਲ ਹਰ ਪੱਧਰ ਉੱਤੇ ਬੇਭਰੋਸਗੀ ਪੈਦਾ ਹੁੰਦੀ ਹੈ। ਅੱਜ ਦੀ ਸਿਆਸਤ ਨਾਲੋਂ ਗਟਰ ਵੀ ਵੱਧ ਸਾਫ ਦਿਖਾਈ ਦਿੰਦਾ ਹੈ। ਗੰਦੀ ਅਤੇ ਅਤੇ ਗੱਦਾਰੀ ਨਾਲ-ਨਾਲ ਨਹੀਂ ਚੱਲਣੀ ਚਾਹੀਦੀ।

# ਗੁੰਮ ਹੋਈ ਚਿੱਠੀ ਦਾ ਦਰਦ

-ਭੋਲਾ ਸਿੰਘ ਸ਼ਮੀਰੀਆ

ਪੰਜਾਬ ਦੇ ਉਸ ਦੌਰ ਦੀ ਗੱਲ ਹੈ, ਜਦੋਂ ਦੇ ਘਰਾਂ ਦੇ ਦਰਵਾਜ਼ੇ ਦਿਨ ਛਿਪਦਿਆਂ ਹੀ ਬੰਦ ਹੋ ਜਾਂਦੇ ਸਨ। ਪੰਜਾਬ ਵਿਰੋਧੀ ਹਵਾਵਾਂ ਪੂਰੀਆਂ ਸਰਗਰਮ ਸਨ। ਗਰਮੀ ਦੇ ਮਹੀਨੇ ਦੀ ਸਿਖਰ ਦੁਪਹਿਰ ਸੀ। ਦਿਨ ਦੇ ਕਰੀਬ ਗਿਆਰਾਂ ਵਜੇ ਦਾ ਵਕਤ ਹੋਵੇਗਾ। ਮੈਂ ਆਪਣੇ ਪਿੰਡ ਦੇ ਬਸ ਅੱਡੇ ਉਪਰ ਆਪਣੇ ਕਿਸੇ ਨੇੜਲੇ ਰਿਸ਼ਤੇਦਾਰ ਨੂੰ ਬਸ ਚੜ੍ਹਾਉਣ ਆਇਆ ਸਾਂ। ਮੇਰੇ ਖੜ੍ਹਿਆਂ ਬੰਗਾਲ ਦੀ ਇੱਕ ਟੂਰਿਸਟ ਬਸ ਆ ਕੇ ਰੁਕੀ। ਉਸ ਬਸ ਦਾ ਟਾਇਰ ਪੰਚਰ ਹੋ ਗਿਆ ਸੀ। ਉਹ ਬਸ ਨੂੰ ਸਟਿਪਨੀ ਦੇ ਸਹਾਰੇ ਇੱਥੋਂ ਲੈ ਆਏ ਸਨ। ਬਸ ਦੇ ਨੰਬਰ ਤੋਂ ਮੈਂ ਭਾਂਪ ਲਿਆ ਕਿ ਇਹ ਬੰਗਾਲੀ ਹਨ। ਦੋ ਵਿਅਕਤੀਆਂ ਨੇ ਬਸ ਤੋਂ ਉਤਰਦਿਆਂ ਹੀ ਮੈਥੋਂ ਕਿਸੇ ਪੰਚਰ ਵਾਲੀ ਦੁਕਾਨ ਦਾ ਪਤਾ ਪੁੱਛਿਆ ਤਾਂ ਪੰਚਰ ਵਾਲੀ ਦੁਕਾਨ ਨੇੜੇ ਹੀ ਸੀ।

ਮੈਂ 1981 ਵਿੱਚ ਮਹੀਨਾ-ਡੇਢ ਮਹੀਨਾ ਕਲਕੱਤੇ ਵਿੱਚ ਲਾ ਆਇਆ ਸਾਂ। ਇਸ ਕਰ ਕੇ ਮੈਨੂੰ ਥੋੜ੍ਹੇ ਬਹੁਤੇ ਸ਼ਬਦ ਬੰਗਾਲੀ ਦੇ ਆਉਂਦੇ ਸਨ। ਜਦੋਂ ਉਨ੍ਹਾਂ ਨੇ ਪੰਚਰ ਵਾਲੀ ਦੁਕਾਨ ਬਾਰੇ ਪੁੱਛਿਆ ਤਾਂ ਮੈਂ ਸੁਭਾਵਿਕ ਪੁੱਛ ਲਿਆ, ‘‘ਆਪਨੀ ਕੋਤਾ ਜਾਬੇ?’’ ਭਾਵ ਤੁਸੀਂ ਕਿੱਥੇ ਜਾਣਾ ਹੈ। ਉਹ ਮੇਰੇ ਮੂੰਹੋਂ ਬੰਗਾਲੀ ਸੁਣ ਕੇ ਹੈਰਾਨ ਹੋ ਗਏ। ਉਨ੍ਹਾਂ ਦੱਸਿਆ ਕਿ ਉਹ ਕਲਕੱਤੇ ਦੇ ਖਿਦਰਪੁਰ ਤੋਂ ਆਏ ਹਨ ਤੇ ਨੈਣਾਂ ਦੇਵੀ ਦੇ ਦਰਸ਼ਨ ਕਰਨ ਜਾ ਰਹੇ ਹਨ। ਮੈਂ ਫਿਰ ਕਿਹਾ, ‘‘ਬਾਲੂ ਆਚੇ।’’ ਭਾਵ ‘‘ਬਹੁਤ ਅੱਛਾ।’’ ਜਦੋਂ ਉਨ੍ਹਾਂ ਨੇ ਮੈਨੂੰ ਬੰਗਲਾ ਭਾਸ਼ਾ ਬਾਰੇ ਪੁੱਛਿਆ ਤਾਂ ਮੈਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਮੈਂ ਕੁਝ ਸਮਾਂ ਕਲਕੱਤੇ ਰਹਿ ਕੇ ਆਇਆ ਹਾਂ। ਫਿਰ ਉਨ੍ਹਾਂ ਨੂੰ ਮੈਂ ਇੱਕ ਪੰਚਰ ਵਾਲੀ ਦੁਕਾਨ ਉੱਤੇ ਲੈ ਗਿਆ। ਪੰਚਰ ਲਾਉਣ ਵਾਲਾ ਮੁੰਡਾ ਮੇਰੇ ਪਿੰਡ ਦਾ ਸੀ, ਜਿਸ ਦਾ ਨਾਂ ਰੂੜਾ ਸਿੰਘ ਸੀ। ਮੈਂ ਰੂੜੇ ਨੂੰ ਕਿਹਾ ਕਿ ‘‘ਇਨ੍ਹਾਂ ਤੋਂ ਪੈਸੇ ਨਹੀਂ ਲੈਣੇ, ਪੈਸੇ ਮੈਂ ਦੇ ਦਿਆਂਗਾ। ਇਹ ਆਪਣੇ ਮਹਿਮਾਨ ਹਨ। ਇਨ੍ਹਾਂ ਨੇ ਅੱਗੇ ਜਾਣਾ ਹੈ, ਜ਼ਰਾ ਜਲਦੀ ਪੰਚਰ ਲਾ ਦੇਣਾ।’’ ਉਹ ਪੰਚਰ ਲਾਉਣ ਲੱਗਿਆ। ਉਸ ਬਸ ਦੀਆਂ ਸਾਰੀਆਂ ਸਵਾਰੀਆਂ (ਜਿਨ੍ਹਾਂ ਵਿੱਚ ਤਕਰੀਬਨ ਵੀਹ ਕੁ ਔਰਤਾਂ ਤੇ ਤੀਹ ਕੁ ਪੁਰਸ਼ ਸਨ) ਬਸ ਤੋਂ ਥੱਲੇ ਉਤਰ ਆਈਆਂ। ਫਿਰ ਉਨ੍ਹਾਂ ਵਿੱਚੋਂ ਇੱਕ ਆਦਮੀ ਹਿੰਦੀ ਵਿੱਚ ਬੋਲਿਆ, ‘‘ਸਰਦਾਰ ਜੀ, ਯਹਾਂ ਕੋਈ ਹੋਟਲ ਮਿਲੇਗਾ, ਹਮਨੇ ਖਾਨਾ ਨਹੀਂ ਖਾਯਾ, ਭੂਖ ਬਹੁਤ ਲਗੀ ਹੈ।’’ ਉਸ ਦੀ ਗੱਲ ਸੁਣਦਿਆਂ ਸਾਰ ਮੇਰੇ ਮਨ ਵਿੱਚ ਪੰਜਾਬੀਆਂ ਵਾਲੀ ਮਹਿਮਾਨ ਨਿਵਾਜ਼ੀ ਜਾਗ ਉਠੀ। ਮੈਂ ਕਿਹਾ, ‘‘ਅਰੇ ਦਾਦਾ, ਯਹਾਂ ਹੋਟਲ ਤੋ ਨਹੀਂ ਹੈ, ਮਗਰ ਆਪ ਕੋ ਖਾਨਾ ਜ਼ਰੂਰ ਮਿਲ ਜਾਏਗਾ, ਆਈਏ ਸਭੀ ਲੋਗ ਮੇਰੇ ਸਾਥ।’’ ਉਹ ਇੱਕ ਦੂਜੇ ਦੇ ਮੂੰਹਾਂ ਵੱਲ ਡਰੇ-ਡਰੇ ਝਾਕ ਰਹੇ ਸਨ। ਮੈਂ ਉਨ੍ਹਾਂ ਨੂੰ ਫਿਰ ਕਿਹਾ, ‘‘ਅਰੇ ਦਾਦਾ, ਆਪ ਹਮਾਰੇ ਮਹਿਮਾਨ ਹੋ, ਘਬਰਾਊ ਮਤ, ਯੇ ਨਜ਼ਦੀਕ ਗੁਰਦੁਆਰਾ ਹੈ ਮੇਰੇ ਸਾਥ ਆਉ, ਆਪਕੀ ਬਹੂ-ਬੇਟੀਆਂ ਹਮਾਰੇ ਲੀਏ ਆਦਰਨੀਯ ਹੈ, ਆਪ ਕੋ ਖਾਨਾ ਖਿਲਾ ਕਰ, ਹਮ ਆਪਕੋ ਯੇਹੀਂ ਛੋਡ ਜਾਏਂਗੇ।’’ ਖੈਰ! ਘੁਸਰ-ਮੁਸਰ ਜਿਹੀ ਕਰਨ ਤੋਂ ਬਾਅਦ ਉਨ੍ਹਾਂ ਨੇ ਡਰਾਈਵਰ ਅਤੇ ਸਹਾਇਕ ਨੂੰ ਆਪਣੀ ਗੱਡੀ ਕੋਲ ਛੱਡਿਆ ਅਤੇ ਆਪ ਸਾਰੇ ਮੇਰੇ ਨਾਲ ਗੁਰਦੁਆਰੇ ਆ ਗਏ। ਗੁਰਦੁਆਰੇ ਉਹ ਸਾਰੇ ਦਰਬਾਰ ਸਾਹਿਬ ਵਾਲੇ ਵਰਾਂਡੇ ਵਿੱਚ ਬੈਠ ਗਏ।

ਮੈਂ ਗੁਰਦੁਆਰੇ ਦੇ ਲਾਂਗਰੀ ਨੂੰ ਬੇਨਤੀ ਕੀਤੀ ਕਿ ਇਹ ਲੋਕ ਪਰਦੇਸੀ ਨੇ, ਬੰਗਾਲ ਤੋਂ ਆਏ ਹਨ ਯਾਤਰਾ ਕਰਨ ਲਈ, ਇਨ੍ਹਾਂ ਨੇ ਭੋਜਨ ਛਕਣਾ ਹੈ। ਮੈਂ ਲਾਂਗਰੀ ਇਹ ਵੀ ਦੱਸਿਆ ਕਿ ਇਹ ਲੋਕ ਰੋਟੀ ਦੀ ਬਜਾਏ ਚਾਵਲ ਛਕਣ ਦੇ ਵੱਧ ਸ਼ੌਕੀਨ ਹਨ। ਉਂਝ ਵੀ ਉਸ ਵਕਤ ਰੋਟੀ ਦੀ ਬਜਾਏ ਚੌਲ ਬਣਾਉਣੇ ਸੌਖੇ ਸਨ। ਮੈਂ ਲਾਂਗਰੀ ਨੂੰ ਇਹ ਵੀ ਬੇਨਤੀ ਕੀਤੀ ਕਿ ਜੇ ਕਿਸੇ ਸਾਮਾਨ ਦੀ ਲੋੜ ਹੈ ਤਾਂ ਮੈਂ ਦੁਕਾਨ ਤੋਂ ਲਿਆਦਿੰਦਾ ਹਾਂ ਜਾਂ ਮੈਂ ਤੁਹਾਨੂੰ ਖਰਚਾ ਵਗੈਰਾ ਦੇ ਦਿਆਂਗਾ। ਅੱਗੋਂ ਲਾਂਗਰੀ ਨੇ ਕਿਹਾ, ‘‘ਕਮਾਲ ਐ ਜੀ, ਤੁਸੀਂ ਕਿਹੜੀਆਂ ਗੱਲਾਂ ਕਰਦੇ ਓ, ਇਹ ਗੁਰੂਘਰ ਐ, ਇੱਥੇ ਸਭ ਕੁਝ ਹਾਜ਼ਰ ਐ, ਤੁਸੀਂ ਬਿਠਾਊ ਇਨ੍ਹਾਂ ਨੂੰ ਦਸ ਮਿੰਟ, ਕੜ੍ਹੀ ਤਿਆਰ ਪਈ ਐ, ਚਾਵਲ ਅਸੀਂ ਤਿਆਰ ਕਰ ਦਿੰਨੇ ਆਂ।’’ ਮੈਂ ਲਾਂਗਰੀ ਦਾ ਧੰਨਵਾਦ ਕਰ ਕੇ ਦੁਬਾਰਾ ਮਹਿਮਾਨਾਂ ਕੋਲ ਆ ਗਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਦਸਾਂ ਮਿੰਟਾਂ ਵਿੱਚ ਖਾਣਾ ਤਿਆਰ ਹੋ ਜਾਵੇਗਾ, ਜੇ ਤੁਹਾਡੇ ਵਿੱਚੋਂ ਕਿਸੇ ਨੇ ਇਸ਼ਨਾਨ ਵਗੈਰਾ ਕਰਨਾ ਹੋਵੇ ਤਾਂ ਇਨ੍ਹਾਂ ਬਾਥਰੂਮਾਂ ਵਿੱਚ ਕਰ ਸਕਦੇ ਹੋ। ਇਹ ਬਾਥਰੂਮ ਔਰਤਾਂ ਅਤੇ ਪੁਰਸ਼ਾਂ ਲਈ ਵੱਖੋ-ਵੱਖਰੇ ਬਣੇ ਹੋਏ ਹਨ। ਇੱਕ ਦੂਜੇ ਦੇ ਮੂੰਹਾਂ ਵੱਲ ਦੇਖਦੇ ਉਹ ਇਸ਼ਨਾਨ ਕਰਨ ਲਈ ਤਿਆਰ ਹੋ ਗਏ। ਜਦੋਂ ਉਹ ਇਸ਼ਨਾਨ ਕਰ ਕੇ ਆਏ ਤਾਂ ਖਾਣਾ ਤਿਆਰ ਹੋ ਗਿਆ ਸੀ। ਉਨ੍ਹਾਂ ਨੇ ਪ੍ਰੇਮ ਨਾਲ ਖਾਣਾ ਖਾਧਾ। ਜਾਣ ਲੱਗਿਆਂ ਉਨ੍ਹਾਂ ਨੇ ਆਪਸ ਵਿੱਚ ਫਿਰ ਘੁਸਰ-ਮੁਸਰ ਜਿਹੀ ਕੀਤੀ। ਫਿਰ ਉਨ੍ਹਾਂ ਵਿੱਚੋਂ ਇੱਕ ਜਣਾ ਬੋਲਿਆ, ‘‘ਸਰਦਾਰ ਜੀ, ਖਾਨੇ ਕਾ ਕਿਤਨਾ ਪੈਸਾ ਹੂਆ।'' ਮੈਂ ਹੱਸਦਿਆਂ ਕਿਹਾ, ‘‘ਅਰੇ ਦਾਦਾ, ਕਿਆ ਜਬ ਹਮ ਆਪ ਕੇ ਘਰ ਜਾਏਂਗੇ ਤੋ ਤੁਮ ਮੁਝ ਸੇ ਪੈਸੇ ਲੇਂਗੇ?ਤੁਮ ਹਮਾਰੇ ਮਹਿਮਾਨ ਹੋ, ਆਪਕੋ ਖਾਨਾ ਖਿਲਾ ਕਰ ਹਮੇਂ ਬਹੁਤ ਖੁਸ਼ੀ ਹੂਈ ਹੈ।'' ਬਸ ਅੱਡ ਉੱਤੇ ਪੰਚਰਾਂ ਦੀ ਦੁਕਾਨ ਉੱਤੇ ਬੈਠੇ ਦੋ ਆਦਮੀਆਂ ਦਾ ਖਾਣਾ ਅਸੀਂ ਪੈਕ ਕਰ ਕੇ ਲੈ ਆਂਦਾ ਸੀ।

ਪੰਚਰ ਲੱਗ ਚੁੱਕਾ ਸੀ। ਜਦੋਂ ਪੰਚਰ ਦੇ ਪੈਸੇ ਦੇਣ ਲੱਗੇ ਤਾਂ ਰੂੜੇ ਨੇ ਪੈਸੇ ਲੈਣ ਤੋਂ ਜੁਆਬ ਦੇ ਦਿੱਤਾ। ਉਸ ਨੇ ਵੀ ਮਹਿਮਾਨਾਂ ਵਾਲੀ ਗੱਲ ਦੁਹਰਾਈ। ਜਾਣ ਲੱਗੇ ਉਹ ਮੇਰੇ ਤੋਂ ਮੇਰੇ ਪਤਾ ਲੈ ਗਏ। ਮੈਂ ਵੀ ਉਨ੍ਹਾਂ ਨੂੰ ਕਿਹਾ ਸੀ ਕਿ ਜੇ ਫਿਰ ਕੋਈ ਸਮੱਸਿਆ ਆਉਂਦੀ ਹੈ ਤਾਂ ਮੈਨੂੰ ਫੋਨ ਕਰ ਲੈਣ। ਫਿਰ ਉਨ੍ਹਾਂ ਨੇ ਮੈਥੋਂ ਨੈਣਾਂ ਦੇਵੀ ਜਾਣ ਦਾ ਰਸਤਾ ਪੁੱਛਿਆ। ਮੈਂ ਇੱਕ ਕਾਗਜ਼ ਦੇ ਟੁਕੜੇ ਉਤੇ ਉਨ੍ਹਾਂ ਨੂੰ ਵਾਇਆ ਮਾਨਸਾ ਕੈਂਚੀਆਂ ਪੂਰਾ ਨਕਸ਼ਾ ਬਣਾ ਦਿੱਤਾ। ਨਾਲ ਇਹ ਵੀ ਦੱਸ ਦਿੱਤਾ ਕਿ ਰਸਤੇ ਵਿੱਚ ਪਟਿਆਲੇ ਦਾ ਗੁਰਦੁ-ਆਰਾ ਦੂਖ ਨਿਵਾਰਨ ਆਵੇਗਾ। ਉਸ ਦੇ ਦਰਸ਼ਨ ਵੀ ਕਰਨੇ ਅਤੇ ਉਥੋਂ ਦੇ ਲੰਗਰ ਵਿੱਚੋਂ ਚਾਹ ਪਾਣੀ ਜਾਂ ਰੋਟੀ ਵਗੈਰਾ ਛਕ ਸਕਦੇ ਹੋ। ਕਿਸੇ ਨੂੰ ਕੋਈ ਵੀ ਪੈਸਾ ਨਹੀਂ ਦੇਣਾ। ਨਾ ਤੁਹਾਡੇ ਕੋਲੋਂ ਕੋਈ ਪੈਸਾ ਮੰਗੇਗਾ। ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ। ਫਿਰ ਮੈਂ ਉਨ੍ਹਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਰਾਂ ਵਿੱਚ ਰਹਿਣ ਦੀ ਸਲਾਹ ਦਿੱਤੀ। ਜਿਸ ਤਰ੍ਹਾਂ ਮੈਂ ਲਿਖਿਆ ਸੀ, ਉਹ ਉਸੇ ਤਰ੍ਹਾਂ ਕਰਦੇ ਰਹੇ। ਸ੍ਰੀ ਆਨੰਦਪੁਰ ਸਾਹਿਬ ਵਿਖੇ ਕਮਰਾ ਲੈ ਕੇ ਉਹ ਆਪਣਾ ਸਾਮਾਨ ਵਗੈਰਾ ਰੱਖ ਕੇ ਨੈਣਾਂ ਦੇਵੀ ਦੇ ਦਰਸ਼ਨਾਂ ਨੂੰ ਗਏ। ਫਿਰ ਆ ਕੇ ਉਹ ਉਸੇ ਸਰਾਂ ਵਿੱਚ ਠਹਿਰੇ। ਪ੍ਰਸ਼ਾਦਾ ਪਾਣੀ ਗੁਰੂਘਰ ਤੋਂ ਛਕਦੇ ਰਹੇ। ਉਨ੍ਹਾਂ ਦਾ ਪੰਜਾਬ ਵਿੱਚ ਇੱਕ ਵੀ ਪੈਸਾ ਨਹੀਂ ਲੱਗਿਆ।

ਕੋਈ ਪੰਦਰਾਂ-ਵੀਹ ਦਿਨਾਂ ਬਾਅਦ ਮੈਨੂੰ ਇੱਕ ਚਿੱਠੀ ਮਿਲੀ, ਜੋ ਕਿਸੇ ਐਸ ਕੇ ਚੈਟਰਜੀ ਨੇ ਲਿਖੀ ਸੀ। ਉਸ ਨੇ ਚਿੱਠੀ ਵਿੱਚ ਲਿਖਿਆ ਸੀ ਕਿ ਜਦੋਂ ਅਸੀਂ ਦਿੱਲੀ ਤੋਂ ਨੈਣਾਂ ਦੇਵੀ ਜਾਣ ਦਾ ਰਸਤਾ ਪੁੱਛਿਆ ਤਾਂ ਪੰਜਾਬ ਵਿਚਦੀ ਜਾਣ ਦੀ ਸਾਨੂੰ ਕਿਸੇ ਨੇ ਸਲਾਹ ਨਹੀਂ ਦਿੱਤੀ। ਕੋਈ ਕਹਿ ਰਿਹਾ ਸੀ ਕਿ ਪੰਜਾਬੀ ਲੋਕ ਮਾਰ ਦਿੰਦੇ ਹਨ। ਉਥੇ ਪਤਾ ਨਹੀਂ ਕਦੋਂ ਲੁੱਟ ਲੈਣ। ਜ਼ਿਆਦਾ ਲੋਕ ਵਾਇਆ ਅੰਬਾਲਾ ਜਾਣ ਦੀ ਸਲਾਹ ਦੇ ਰਹੇ ਸਨ। ਅਸੀਂ ਪੰਜਾਬ ਦੀ ਧਰਤੀ ਦੇਖਣ ਦੇ ਵੀ ਇਛੁੱਕ ਸਾਂ। ਅਸੀਂ ਸਭ ਕੁਝ ਦੇ ਬਾਵਜੂਦ ਪੰਜਾਬ ਵਿਚਦੀ ਲੰਘਣ ਨੂੰ ਪਹਿਲ ਦਿੱਤੀ। ਇਹ ਸੋਚ ਕੇ ਜੇ ਮੌਤ ਨੇ ਇਸ ਤਰ੍ਹਾਂ ਹੀ ਆਉਣਾ ਹੈ ਤਾਂ ਰੋਕਣ ਵਾਲਾ ਕੌਣ ਹੈ। ਅਸੀਂ ਫੈਸਲਾ ਕਰ ਲਿਆ ਕਿ ਪੰਜਾਬ ਦੀ ਧਰਤੀ ਦੇ ਦਰਸ਼ਨ ਕੀਤੇ ਜਾਣ। ਇਸ ਤੋਂ ਪਹਿਲਾਂ ਬਾਰੇ ਉਨ੍ਹਾਂ ਨੇ ਲਿਖਿਆ ਕਿ ਜਦੋਂ ਅਸੀਂ ਇੱਕ ਹੋਰ ਸੂਬੇ ਵਿਚਦੀ ਲੰਘੇ ਤਾਂ ਸਾਡੇ ਕੋਲੋਂ ਬੈਰੀਅਰ ਲਗਾ ਕੇ ਜ਼ਬਰਦਸਤੀ ਚੰਦਾ ਵਸੂਲਿਆ ਜਾਂਦਾ ਰਿਹਾ। ਲੰਗਰ ਦੇ ਨਾਂਅ ਉੱਤੇ ਪੈਸੇ ਵੀ ਲਏ ਗਏ।

ਇਸੇ ਤਰ੍ਹਾਂ ਅੱਗੇ ਵੀ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ, ਪਰ ਪੰਜਾਬ ਬਾਰੇ ਸਾਨੂੰ ਡਰਾਇਆ ਗਿਆ ਸੀ ਕਿ ਉਥੇ ਲੁੱਟ ਬਹੁਤ ਹੁੰਦੀ ਹੈ। ਪੰਜਾਬ ਦੇ ਲੋਕਾਂ ਨੇ ਸਾਡੀ ਮਦਦ ਹੀ ਨਹੀਂ ਕੀਤੀ, ਸਗੋਂ ਸਾਥੋਂ ਇੱਕ ਵੀ ਪੈਸਾ ਨਹੀਂ ਲਿਆ। ਇੱਥੋਂ ਤੱਕ ਕਿ ਪੰਚਰ ਦੇ ਪੈਸੇ ਵੀ ਨਹੀਂ ਲਏ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਮਹਿਮਾਨ ਨਿਵਾਜ਼ੀ ਵਾਲੀ ਭਾਵਨਾ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਇਹ ਚਿੱਠੀ ਪੰਜ ਛੇ ਸਫਿਆਂ ਦੀ ਸੀ। ਮੈਂ ਇਹ ਚਿੱਠੀ ਕਿਸੇ ਵਿਰਾਸਤੀ ਦਸਤਾਵੇਜ਼ ਵਾਂਗ ਬਹੁਤ ਚਿਰ ਸਾਂਭ ਕੇ ਰੱਖੀ। ਪਿੰਡ ਤੋਂ ਸ਼ਹਿਰ ਵਿੱਚ ਨਿਵਾਸ ਕਰਨ ਵੇਲੇ ਮੇਰੀ ਗੈਰ ਹਾਜ਼ਰੀ ਵਿੱਚ ਮੇਰੇ ਘਰਦਿਆਂ ਨੇ ਰੱਦੀ ਅਖਬਾਰਾਂ ਵਿੱਚ ਭੁਲੇਖੇ ਨਾਲ ਇਹ ਚਿੱਠੀ ਵੀ ਰੱਦੀ ਵਾਲੇ ਨੂੰ ਨਾਲ ਵੇਚ ਦਿੱਤੀ। ਜਦੋਂ ਮੈਨੂੰ ਪਤਾ ਲੱਗਿਆ ਤਾਂ ਮੈਨੂੰ ਸ਼ਹਿਰ ਆਉਣ ਦੇ ਚਾਅ ਨਾਲੋਂ ਇਸ ਚਿੱਠੀ ਦੇ ਗੁੰਮ ਹੋਣ ਦਾ ਦੁੱਖ ਵਧੇਰੇ ਹੋਇਆ।

# ਕਹਾਣੀ: ਮੇਰੀ ਗੁਣਵਾਨ ਧੀ

ਪ੍ਰਿੰਸੀਪਲ ਲਲਿਤਾ ਅਰੋੜਾ

ਬੈਠਕ ਤੋਂ ਠਹਾਕਿਆਂ ਦੀ ਆਵਾਜ਼ ਆ ਰਹੀ ਸੀ, ‘‘ਭਾਈ ਸਾਹਿਬ, ਨੇਹਾ ਨੇ ਜੋ ਸ਼ਲਗਮ ਦਾ ਆਚਾਰ ਬਣਾਇਆ, ਉਂਗਲੀਆਂ ਹੀ ਚੱਟਦੇ ਰਹਿ ਗਏ ਅਸੀਂ ਤਾਂ ਅੱਜ।’’

ਨੇਹਾ ਦੀ ਸੱਸ ਸ਼ੀਲਾ ਬੋਲੀ, ‘‘ਸਾਡਾ ਅਭਿਸ਼ੇਕ ਸ਼ਲਗਮ ਖਾਣੇ ਤਾਂ ਦੂਰ, ਸੁੰਘਦਾ ਵੀ ਨਹੀਂ ਸੀ, ਪਰ ਅੱਜ ਉਸ ਨੇ ਇੱਕ ਰੋਟੀ ਵੱਧ ਖਾਧੀ।’’ ਅਭਿਸ਼ੇਕ ਦੀ ਵੱਡੀ ਭੈਣ ਰਸ਼ਮੀ ਨੇ ਵੀ ਸ਼ੀਲਾ ਦੀ ਗੱਲ ਦੀ ਪੁਸ਼ਟੀ ਕੀਤੀ।

‘‘ਮਲਟੀਨੈਸ਼ਨਲ ਕੰਪਨੀ ਵਿੱਚ ਕੰਮ ਕਰਨ ਅਤੇ ਤੀਹ ਲੱਖ ਦਾ ਪੈਕੇਜ ਲੈਣ ਵਾਲੀ ਆਧੁਨਿਕ ਲੜਕੀ ਘਰੇਲੂ ਕੰਮ ਵਿੱਚ ਵੀ ਨਿਪੁੰਨ ਹੋ ਸਕਦੀ ਹੈ, ਅਸੀਂ ਇਹ ਕਦੇ ਸੁਫਨੇ ਵਿੱਚ ਵੀ ਨਹੀਂ ਸੋਚਿਆ ਸੀ। ਸਾਡੇ ਤਾਂ ਭਾਗ ਖੁੱਲ੍ਹ ਗਏ।’’ ਅਭਿਸ਼ੇਕ ਦੇ ਪਾਪਾ ਦੀਪਕ ਨੇ ਮਾਣ ਨਾਲ ਕਿਹਾ।

ਮੈਂ ਰਸੋਈ ਘਰ ਵਿੱਚ ਖੜ੍ਹੀ ਇਹ ਗੱਲਾਂ ਸੁਣ ਕੇ ਫੁੱਲੀ ਨਹੀਂ ਸਮਾ ਰਹੀ ਸੀ। ਸਹੁਰੇ ਵਾਲੇ ਧੀ ਦੀ ਤਾਰੀਫ ਕਰਨ, ਇਸ ਤੋਂ ਵੱਧ ਕੇ ਇੱਕ ਮਾਂ ਲਈ ਹੋਰ ਕੀ ਖੁਸ਼ੀ ਹੋ ਸਕਦੀ ਹੈ, ਪਰ ਜੇ ਉਹ ਘਟਨਾ ਵਾਪਰੀ ਨਾ ਹੁੰਦੀ ਤਾਂ ਕੀ ਮੇਰੀ ਬੇਟੀ ਦੀ ਇਹ ਤਾਰੀਫ ਸੁਣਨ ਨੂੰ ਮਿਲਦੀ? ਜਾਂ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ?

ਨਹੀਂ...ਨਹੀਂ...! ਮੇਰੀ ਰੂਹ ਅੰਦਰ ਤੱਕ ਕੰਬਗਈ ਅਤੇ ਮੈਂ ਆਪਣੇ ਅਤੀਤ ਵਿੱਚ ਚਲੀ ਗਈ। ਵਿਆਹ ਦੇ ਪੰਜ ਸਾਲਾਂ ਬਾਅਦ ਜਦੋਂ ਮੇਰੀ ਪਿਆਰੀ ਇਕਲੌਤੀ ਧੀ ਨੇਹਾ ਮੇਰੀ ਗੋਦ ਵਿੱਚ ਆਈ ਤਾਂ ਜਿਵੇਂ ਮੈਨੂੰ ਜੰਨਤ ਮਿਲ ਗਈ। ਘਰ ਖੁਸ਼ੀ ਨਾਲ ਝੂਮ ਉਠਿਆ। ਨੇਹਾ ਦੀ ਦਾਦੀ ਨੇ ਸਾਰੇ ਪਿੰਡ ਵਿੱਚ ਮਠਿਆਈ ਵੰਡੀ। ਨੇਹਾ ਦੇ ਪਾਪਾ ਜਿਵੇਂ ਬਿਨਾਂ ਪਰਾਂ ਦੇ ਉਡ ਰਹੇ ਸੀ। ਸਮਾਂ ਕਿਵੇਂ ਬੀਤ ਗਿਆ, ਪਤਾ ਨਹੀਂ ਲੱਗਾ। ਤਿੰਨ ਸਾਲ ਦੀ ਉਮਰ ਵਿੱਚ ਇਸ ਵਿੱਚ ਇੰਨੇ ਗੁਣ ਸੀ ਕਿ ਸਾਰੀਆਂ ਕਿਤਾਬਾਂ ਇਕਦਮ ਯਾਦ ਕਰ ਲੈਂਦੀ ਅਤੇ 10ਵੀਂ ਜਮਾਤ ਵਿੱਚ ਤਾਂ ਉਹ ਪੂਰਾ ਜ਼ਿਲੇ ਵਿੱਚ ਹੀ ਨਹੀਂ ਪੂਰੇ ਪੰਜਾਬ ਵਿੱਚ ਦੂਜੀ ਥਾਂ ਉੱਤੇ ਰਹੀ।ਪੜ੍ਹਾਈ ਦੇ ਨਾਲ ਹੀ ਉਹ ਹਰ ਕੰਮ ਵਿੱਚ ਨਿਪੁੰਨ ਸੀ। ਬੜਾ ਚੰਗਾ ਗਾ ਲੈਂਦੀ ਸੀ, ਐਕਟਿੰਗ ਤਾਂ ਇਸ ਦੀ ਰਗ ਰਗ ਵਿੱਚ ਵੱਸੀ ਸੀ, ਸਕੂਲ ਦਾ ਕੋਈ ਵੀ ਪ੍ਰੋਗਰਾਮ ਨੇਹਾ ਦੇ ਬਿਨਾਂ ਅਧੂਰਾ ਸੀ। ਇਸ ਲਈ ਸਕੂਲ ਅਤੇ ਘਰ ਵਿੱਚ ਹਰ ਕੋਈ ਉਸਨੂੰ ਪਿਆਰ ਕਰਦਾ ਸੀ।

ਜਦੋਂ ਕਿਸੇ ਵਿੱਚ ਇੰਨੇ ਸਾਰੇ ਗੁਣ ਆ ਜਾਣ ਤਾਂ ਹਵਾ ਵਿੱਚ ਉਡਣ ਲੱਗਦਾ ਹੈ, ਇਹੀ ਨੇਹਾ ਨਾਲ ਹੋਇਆ। ਉਹ ਵੀ ਕੁਝ ਹੰਕਾਰੀ ਅਤੇ ਜ਼ਿੱਦੀ ਹੋ ਗਈ ਅਤੇ ਖੁਦ ਨੂੰ ‘ਮੈਂ ਹੀ ਬੈਸਟ ਹਾਂ’ ਮੰਨਣ ਲੱਗੀ, ਪਰ ਉਸ ਦੀ ਇੱਕ ਗੱਲ ਜੋ ਮੈਨੂੰ ਰੜਕਦੀ ਸੀ, ਉਸ ਦਾ ਕਦੇ ਵੀ ਘਰ ਦੇ ਕੰਮ ਵਿੱਚ ਰੁਚੀ ਨਾ ਲੈਣਾ। ਜਦੋਂ ਕਦੇ ਉਸ ਨੂੰ ਸਮਝਾਉਂਦੀ ਕਿ ਕੁਝ ਘਰ ਦੇ ਕੰਮ ਸਿੱਖ ਲੈ, ਪਤੀ ਦੇ ਦਿਲ ਤੱਕ ਪਹੁੰਚਣ ਲਈ ਪੇਟ ਦੇ ਰਸਤੇ ਹੋ ਕੇ ਜਾਣਾ ਪੈਂਦਾ ਹੈ, ਤਾਂ ਟੇਬਲ ਟੈਨਿਸ ਵਿੱਚ ਸੋਨੇ ਦਾ ਤਮਗਾ ਲੈਣ ਵਾਲੀ ਨੇਹਾ ਮੈਨੂੰ ਗਲਵਕੜੀ ਪਾ ਕੇ ਹੱਸਣ ਲੱਗਦੀ ਤੇ ਅੰਗਰੇਜ਼ੀ ਵਿੱਚ ਕਹਿੰਦੀ, ‘‘ਮਾਈ ਡੀਅਰ ਮੌਮ ਯੂ ਆਰ ਗ੍ਰੇਟ, ਇਹ ਹੱਥ ਲੈਪਟਾਪ ਚਲਾਉਣੀ ਤੇ ਟਰਾਫੀਆਂ ਲੈਣ ਲਈ ਬਣੇ ਹਨ, ਵੇਲਣ ਚਲਾਉਣ ਲਈ ਨਹੀਂ।’’

ਉਸ ਦੀ ਤਰਫਦਾਰੀ ਉਸ ਦੇ ਪਾਪਾ ਮਨੀਸ਼ ਵੀ ਕਰ ਦਿੰਦੇ, ‘‘ਇੰਝ ਹੀ ਮੇਰੀ ਧੀ ਦੇ ਪਿੱਛੇ ਨਾ ਪਈ ਰਿਹਾ ਕਰ ਸਰਿਤਾ। ਮੈਂ ਆਪਣੀ ਧੀ ਦੇ ਦਾਜ ਵਿੱਚ ਇੱਕ ਦਰਜਨ ਨੌਕਰ ਦੇਵਾਂਗਾ ਤਾਂ ਇਸ ਨੂੰ ਕੀ ਲੋੜ ਹੈ ਕੰਮ-ਧੰਦੇ ਕਰਨ ਦੀ। ਦਾਦਾ-ਦਾਦੀ ਵੀ ਨੇਹਾ ਦੀ ਟੀਮ ਵਿੱਚ ਸ਼ਾਮਲ ਹੋ ਜਾਂਦੇ ਅਤੇ ਬੇਵੱਸ ਹੋ ਕੇ ਰਹਿ ਜਾਂਦੀ।

ਨੇਹਾ 27 ਸਾਲ ਦੀ ਹੋ ਚੁੱਕੀ ਸੀ, ਪੜ੍ਹਾਈ ਪੂਰੀ ਹੋ ਚੁੱਕੀ ਸੀ ਤੇ ਉਸ ਨੂੰ ਬੜੀ ਚੰਗੀ ਨੌਕਰੀ ਵੀ ਮਿਲ ਗਈ ਸੀ। ਰਿਸ਼ਤਿਆਂ ਦੀ ਲਾਈਨ ਲੱਗ ਗਈ ਉਸ ਲਈ, ਪਰ ਉਸ ਨੇ ਆਪਣੇ ਮਨਪਸੰਦ ਮੱਧਵਰਗੀ ਪਰਵਾਰ ਨਾਲ ਸੰਬੰਧ ਰੱਖਣ ਵਾਲੇ ਆਪਣੇ ਬਚਪਨ ਦੇ ਸਾਥੀ ਅਭਿਸ਼ੇਕ ਨੂੰ ਹੀ ਪਸੰਦ ਕੀਤਾ।ਦੇਖਦੇ ਹੀ ਦੇਖਦੇ ਨੇਹਾ ਦੇ ਵਿਆਹ ਦੀ ਤਰੀਕ ਪੱਕੀ ਹੋ ਗਈ ਅਤੇ ਸਭ ਕੁਝ ਇੰਨੀ ਜਲਦੀ ਹੋ ਗਿਆ, ਪਤਾ ਨਹੀਂ ਲੱਗਾ। ਬੱਸ ਦੋ ਮਹੀਨੇ ਬਚੇ ਸੀ ਨੇਹਾ ਦੇ ਵਿਆਹ ਨੂੰ। ਮੈਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਮੇਰੇ ਪਤੀ ਨੇ ਮੈਨੂੰ ਸਮਝਾਇਆ ਕਿ ਸਭ ਹੋ ਜਾਵੇਗਾ। ਜੇਬ ਵਿੱਚ ਪੈਸਾ ਹੋਵੇ ਤਾਂ ਸਭ ਹੋ ਜਾਂਦਾ ਹੈ, ਪਰ ਮੇਰੀ ਮਨ ਦੀ ਵਿਵਸਥਾ ਨੂੰ ਮੇਰੇ ਪਤੀ ਨਹੀਂ ਸਮਝ ਸਕਦੇ ਸੀ। ਨੇਹਾ ਨੂੰ ਚਾਹ ਅਤੇ ਮੈਗੀ ਬਣਾਉਣ ਤੋਂ ਸਿਵਾਏ ਹੋਰ ਕੁਝ ਆਉਂਦਾ ਹੀ ਨਹੀਂ। ਹੋਟਲ, ਜੋਮੈਟੋ, ਸਵਿੱਗੀ ਤੋਂ ਰੋਜ਼ ਖਾਧਾ ਨਹੀਂ ਜਾ ਸਕਦਾ। ਉਂਝ ਵੀ ਅਭਿਸ਼ੇਕ ਦੇ ਘਰ ਵਿੱਚ ਖਾਣਾ ਅਭਿਸ਼ੇਕ ਦੀ ਮਾਂ ਅਤੇ ਦਾਦੀ ਹੀ ਬਣਾਉਂਦੀਆਂ ਹਨ।ਕਿਤੇ ਮੇਰੀ ਬਹੁਤ ਗੁਣਾਂ ਵਾਲੀ ਧੀ ਦੀ ਗ੍ਰਹਿਸਥੀ ਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ, ਮੇਰਾ ਦਿਲ ਕਿਸੇ ਅਣਜਾਣ ਆਉਣ ਵਾਲੇ ਤੂਫਾਨ ਤੋਂ ਡਰ ਰਿਹਾ ਸੀ।

ਇੱਕ ਮਹੀਨਾ ਸ਼ਾਪਿੰਗ ਕਰਦੇ ਕਿਵੇਂ ਬੀਤ ਗਿਆ, ਮੈਨੂੰ ਪਤਾ ਨਹੀਂ ਲੱਗਾ। ਸਵੇਰ ਤੋਂ ਮੇਰੇ ਸਰੀਰ ਵਿੱਚ ਦਰਦ ਤੇ ਗਲੇ ਵਿੱਚ ਖਰਾਬੀ ਸੀ। ਇਸ ਕੋਰੋਨਾ ਮਹਾਮਾਰੀ ਦੇ ਦੌਰ ਵਿੱਚ ਮਨ ਵਿੱਚ ਲੱਖਾਂ ਸਵਾਲ ਆਏ। ਫਿਰ ਟੈਸਟ ਕਰਵਾਇਆ ਤਾਂ ਜਿਸ ਦਾ ਡਰ ਸੀ, ਉਹੀ ਗੱਲ ਹੋ ਗੀ। ਮੈਂ ਕੋਰੋਨਾ ਪਾਜ਼ੀਟਿਵ ਹੋ ਗਈ ਸੀ। ਘਰ ਦੇ ਨੌਕਰਾਂ ਨੂੰ ਵੀ ਛੁੱਟੀ ਦੇ ਦਿੱਤੀ ਗਈ। ਮੈਂ ਉਪਰ ਵਾਲੇ ਕਮਰੇ ਵਿੱਚ ਇਕੱਲੀ ਆ ਗਈ।

ਮੈਂ ਨੇਹਾ ਨੰ ਸਮਝਾਇਆ, ‘‘ਜਿਵੇਂ ਵੀ ਹੋਵੇ, ਰਸੋਈ ਤੇਰੀ ਜ਼ਿੰਮੇਵਾਰੀ ਹੈ।’’

ਨਾ ਚਾਹੁੰਦੇ ਹੋਏ ਵੀ ਨੇਹਾ ਰਸੋਈ ਦਾ ਕੰਮ ਕਰਨ ਲੱਗੀ। ਮੈਂ ਵੀਡੀਓ ਕਾਲ ਕਰ ਕੇ ਉਸ ਨੂੰ ਸਬਜ਼ੀ ਬਣਾਉਣ ਦੀ ਵਿਧੀ ਸਮਝਾਉਂਦੀ। ਮੇਰੇ ਦੱਸਣ ਉੱਤੇ ਨੇਹਾ ਨੇ ਪਹਿਲੇ ਦਿਨ ਸੁੱਕੇ ਆਲੂ ਬਣਾਏ। ਸਭ ਨੇ ਬਹੁਤ ਪਸੰਦ ਕੀਤੇ। ਇਸ ਦੇ ਬਾਅਦ ਨੇਹਾ ਜੋ ਵੀ ਸਬਜ਼ੀ ਬਣਾਉਂਦੀ ਚਾਹੇ ਉਹ ਚੰਗੀ ਬਣਦੀ ਜਾਂ ਬੁਰੀ, ਘਰ ਦਾ ਹਰ ਮੈਂਬਰ ਉਸ ਦੀ ਤਾਰੀਫ ਕਰਦਾ ਸੀ।ਇਨ੍ਹਾਂ 14 ਦਿਨਾਂ ਵਿੱਚ ਨਾ ਸਿਰਫ ਉਸ ਨੇ ਸਬਜ਼ੀਆਂ ਸਗੋਂ ਇਡਲੀ, ਡੋਸਾ, ਸਾਂਭਰ, ਪੋਹਾ, ਢੋਕਲਾ ਆਦਿ ਵੀ ਬਣਾ ਦਿੱਤਾ। ਉਸ ਨੂੰ ਖਾਣਾ ਬਣਾਉਣ ਵਿੱਚ ਵੀ ਰੁਚੀ ਹੋਣ ਲੱਗੀ ਸੀ।

‘‘ਮੰਮੀ ਇੱਕ ਕਟੋਰੀ ਦਾਲ ਅਤੇ ਪਾਲਕ ਬਚੀ ਹੈ, ਕੀ ਉਸ ਨੂੰ ਸੁੱਟ ਦੇਵਾਂ?’’

‘‘ਨਾ ਬੇਟੀ, ਅੰਨ ਦਾ ਨਿਰਾਦਰ ਹੁੰਦਾ ਹੈ। ਕਦੇ ਕੋਈ ਚੀਜ਼ ਸੁੱਟਣੀ ਨਹੀਂ ਚਾਹੀਦੀ, ਉਸ ਵਿੱਚ ਸੁੱਕਾ ਆਟਾ, ਥੋੜ੍ਹਾ ਕੱਟਿਆ ਪਿਆਜ਼, ਥੋੜ੍ਹਾ ਧਨੀਆ, ਹਰੀ ਮਿਰਚ ਪਾ ਕੇ ਉਸ ਦਾ ਆਟਾ ਗੁੰਨ ਲੈ ਅਤੇ ਪਰੌਂਠੇ ਬਣਾ ਲੈ।’’

ਅੱਜ ਜਦੋਂ ਮੈਂ 14 ਦਿਨਾਂ ਦੇ ਏਕਾਂਤਵਾਸ ਤੋਂ ਬਾਹਰ ਆਈ ਤਾਂ ਮੈਨੂੰ ਲੱਗਾ, ਕੋਰੋਨਾ ਨੇ ਮੇਰੀ ਗੁਣੀ ਤੇ ਸਿਆਣੀ ਧੀ ਦੇ ਰੂਪ ਵਿੱਚ ਤੋਹਫਾ ਦਿੱਤਾ ਹੈ। ਅੱਜ ਜੋ ਮੈਂ ਉਸ ਦੀ ਤਾਰੀਫ ਸੁਣ ਰਹੀ ਹਾਂ, ਇਹ ਸਭ ਸੁਣ ਕੇ ਮੇਰੀਆਂ ਅੱਖਾਂ ਵਿੱਚ ਖੁਸ਼ੀ ਵਿੱਚ ਖੁਸ਼ੀ ਦੇ ਅੱਥਰੂ ਆ ਗਏ। ਸ਼ਾਇਦ ਨੇਹਾ ਮੇਰੇ ਚਿਹਰੇ ਦੇ ਹਾਵ ਭਾਵ ਦੇਖ ਰਹੀ ਸੀ। ਉਹ ਮੇਰੇ ਨਾਲ ਲਿਪਟ ਕੇ ਕਹਿਣ ਲੱਗੀ, ‘‘ਮੌਮ ਅੱਜ ਮੈਂ ਜੋ ਵੀ ਹਾਂ, ਉਹ ਤੁਹਾਡੇ ਹੀ ਕਾਰਨ ਹਾਂ।’’

ਮੈਂ ਕਿਹਾ, ‘‘ਮੇਰੇ ਕਾਰਨ ਨਹੀਂ, ਕੋਰੋਨਾ ਦੇ ਕਾਰਨ।’’ ਅਤੇ ਅਸੀਂ ਦੋਵੇਂ ਖਿੜਖਿੜਾ ਕੇ ਹੱਸਣ ਲੱਗੀਆਂ।

## ਹਲਕਾ-ਫੁਲਕਾ

ਪਤਨੀ, ‘‘ਸੁਣੋ ਜੀ! ਇਹ ਪ੍ਰਸਨਲ, ਸੀਕ੍ਰੇਟ ਤੇ ਟਾਪ ਸੀਕ੍ਰੇਟ ਵਿੱਚ ਕੀ ਫ਼ਰਕ ਹੁੰਦਾ ਹੈ?''

ਪਤੀ, ‘‘ਦੇਖ, ਤੂੰ ਮੈਨੂੰ ਪਸੰਦ ਹੈ, ਇਹ ਪ੍ਰਸਨਲ ਹੈ, ਤੇਰੀ ਸਹੇਲੀ ਮੈਨੂੰ ਪਸੰਦ ਹੈ, ਇਹ ਸੀਕ੍ਰੇਟ ਹੈ ਅਤੇ ਤੇਰੀ ਸਹੇਲੀ ਨੂੰ ਵੀ ਮੈਂ ਪਸੰਦ ਹਾਂ, ਇਹ ਟਾਪ ਸੀਕ੍ਰੇਟ ਹੈ।''

********

ਆਂਟੀ, ‘‘ਮੈਨੂੰ ਇਹ ਅੱਜਕੱਲ੍ਹ ਦੇ ਲੜਕੇ ਬਿਲਕੁਲ ਪਸੰਦ ਨਹੀਂ ਹਨ।''

ਪੱਪੂ, ‘‘ਵੈਸੇ, ਆਂਟੀ ਤੁਹਾਡੀ ਉਮਰ ਵੀ ਲੜਕੇ ਪਸੰਦ ਕਰਨ ਦੀ ਨਹੀਂ।''

********

ਮਾਸਟਰ ਜੀ, ‘‘ਦੇਖੋ ਬੱਚਿਓ, ਗਰੀਬਾਂ ਨਾਲ ਹਮੇਸ਼ਾ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ।''

ਲਕੜਾ, ‘‘ ਸਮਝਿਆ।''

ਮਾਸਟਰ ਜੀ, ‘‘ਕੀ ਸਮਝਿਆ।''

ਲੜਕਾ, ‘‘ਤਾਂ ਹੀ ਮੈਂ ਕਹਾਂ ਕਿ ਪਾਪਾ ਰੋਜ਼ ਨੌਕਰਾਣੀ ਨੂੰ ਗਲੇ ਕਿਉਂ ਲਗਾਉਂਦੇ ਹਨ।''

********

ਅਧਿਆਪਕ (ਪੱਪੂ ਨੂੰ), ‘‘ਤੂੰ ਮੇਰਾ ਦਿਮਾਗ ਖ਼ਰਾਬ ਕਰ ਦਿੱਤਾ ਹੈ, ਕੱਲ੍ਹ ਮੈਂ ਤੇਰੇ ਪਿਤਾ ਜੀ ਨੂੰ ਮਿਲਾਂਗਾ।''

ਪੱਪੂ, ‘‘ਸਰ, ਪਿਤਾ ਜੀ ਨੂੰ ਨਹੀਂ, ਤੁਸੀਂ ਮੇਰੇ ਚਾਚਾ ਜੀ ਨੂੰ ਮਿਲੋ।''

ਅਧਿਆਪਕ, ‘‘ਉਹ ਕਿਉਂ?''

ਪੱਪੂ, ‘‘ਕਿਉਂਕਿ ਦਿਮਾਗ਼ ਦੇ ਡਾਕਟਰ ਉਹੀ ਹਨ।''

********

ਪਿਤਾ, ‘‘ਤੇਰਾ ਇਤਿਹਾਸ ਦਾ ਪੇਪਰ ਕਿਵੇਂ ਦਾ ਹੋਇਆ?''

ਪੱਪੂ, ‘‘ਬਹੁਤ ਹੀ ਬੁਰਾ, ਸਾਰੇ ਸਵਾਲ ਮੇਰੇ ਜਨਮ ਤੋਂ ਪਹਿਲਾਂ ਦੇ ਪੁੱਛੇ ਗਏ ਸੀ।''

********

# ਐਕਟਿਵਾ ਨੂੰ ਅਣਪਛਾਤੇ ਵਾਹਨ ਦੀ ਟੱਕਰ, ਬਜ਼ੁਰਗ ਔਰਤ ਦੀ ਮੌਤ

ਜਲੰਧਰ, 13 ਜੁਲਾਈ (ਪੋਸਟ ਬਿਊਰੋ)- ਏਥੋਂ ਦੇ ਥਾਣਾ ਮਕਸੂਦਾਂ ਦੇ ਪਿੰਡ ਰਾਓਵਾਲੀ ਮੋੜ ਲਾਗੇ ਪਠਾਨਕੋਟ ਚੌਕ ਹਾਈਵੇਅ ਵਿਖੇ ਇੱਕ ਅਣਪਛਾਤੇ ਵਾਹਨ ਨੇ ਐਕਟਿਵਾ ਨੂੰ ਟੱਕਰ ਮਾਰ ਦਿੱਤੀ, ਜਿਸਨਾਲ ਐਕਟਿਵਾ ਡਿਵਾਈਡਰ ਨਾਲ ਜਾ ਟਕਰਾਈ ਤੇ ਮਹਿਲਾ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਚਾਲਕ ਗੰਭੀਰ ਜ਼ਖ਼ਮੀ ਹੋ ਗਿਆ। ਉਥੇ ਰਾਹੀਆਂ ਨੇ ਇਸ ਦੀ ਸ਼ਿਕਾਇਤ ਪੁਲਸ ਅਧਿਕਾਰੀਆਂ ਨੂੰਦਿੱਤੀ ਤਾਂ ਥਾਣਾ ਮਕਸੂਦਾਂ ਦੀ ਪੁਲਸ ਮੌਕੇ ਉੱਤੇ ਗਈ।

ਏ ਐਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਪਿੰਡ ਰਾਓਵਾਲੀ ਮੋੜ ਲਾਗੇ ਹਾਈਵੇ ਉੱਤੇ ਹਾਦਸਾ ਹੋਇਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਮੌਕੇ ਉੱਤੇ ਆ ਕੇ ਦੇਖਿਆ ਕਿ ਇਸ ਹਾਦਸੇ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਹੈ, ਜਿਸ ਦੀ



ਪਛਾਣ ਸੁਰਜੀਤ ਕੌਰ (80) ਵਾਸੀ ਭੋਗਪੁਰਵਜੋਂ ਹੋਈ ਅਤੇ ਐਕਟਿਵਾ ਚਲਾ ਰਹੇ ਉਨ੍ਹਾਂ ਦੇ ਬੇਟੇ ਅਮਰਜੀਤ ਸਿੰਘ (40) ਦੀ ਹਾਲਤ ਕਾਫ਼ੀ ਨਾਜ਼ੁਕ ਹੈ ਅਤੇ ਉਸ ਨੂੰ ਕਪੂਰ ਹਸਪਤਾਲ ਰੈਫਰ ਕੀਤਾ ਗਿਆ ਹੈ। ਪੁਲਸ ਨੇ ਇਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਇਤਲਾਹ ਦੇ ਦਿੱਤੀ ਹੈ। ਪੁਲਸ ਮੁਤਾਬਕ ਕੁਝ ਸਮੇਂ ਬਾਅਦ ਓਥੇ ਪੁੱਜੇ ਮ੍ਰਿਤਕ ਦੇ ਛੋਟੇ ਬੇਟੇ ਰਜਿੰਦਰ ਗੰਭੀਰ ਦੇ ਉੱਤੇ ਕੇਸ ਦਰਜ ਕਰ ਲਿਆ ਹੈ।

# ਕਾਂਗਰਸ ਦੀ ਚੰਨੀ ਸਰਕਾਰ ਵੇਲੇ ਵੰਡੀਆਂ ਖੇਡ ਕਿੱਟਾਂ ਸਵਾਲਾਂ ਦੇ ਘੇਰੇ ਵਿੱਚ

ਚੰਡੀਗੜ੍ਹ, 13 ਜੁਲਾਈ (ਪੋਸਟ ਬਿਊਰੋ)- ਪੰਜਾਬ ਦੀ ਪਿਛਲੀ ਚਰਨਜੀਤ ਸਿੰਘ ਚੰਨੀ ਸਰਕਾਰ ਵੱਲੋਂ ਚੋਣ ਜ਼ਾਬਤੇ ਤੋਂ ਐਨ ਪਹਿਲਾਂ ਵੰਡੀਆਂ ਖੇਡ ਕਿੱਟਾਂ ਵਿੱਚ ਵੀ ਘਪਲਾ ਕੀਤਾ ਸਾਹਮਣੇ ਆਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿਛਲੀ ਕਾਂਗਰਸੀ ਹਕੂਮਤ ਨੇ ਉਦੋਂ ਖਿਡਾਰੀਆਂ ਦੇ ਬੈਂਕ ਖਾਤਿਆਂ ਵਿੱਚ ਖੇਡ ਕਿੱਟਾਂ ਦੇ ਪੈਸੇ ਸਿੱਧੇ ਟਰਾਂਸਫਰ ਕਰ ਦਿੱਤੇ ਅਤੇ ਦੂਜੇ ਦਿਨ ਮੋੜਵੇਂ ਰੂਪ ਵਿੱਚ ਖਿਡਾਰੀਆਂ ਤੋਂ ਚੈਕ ਅਤੇ ਬੈਂਕ ਡਰਾਫਟ ਵਜੋਂ ਇਹ ਵਾਪਸ ਲੈ ਲਏ ਸਨ। ਖੇਡ ਵਿੰਗਾਂ ਦੇ ਖਿਡਾਰੀਆਂ ਦੀ ਪਛਾਣ ਜ਼ਿਲ੍ਹਾ ਖੇਡ ਅਫਸਰਾਂ ਨੇ ਕੀਤੀ ਸੀ। ਕਰੀਬ 10,300 ਖਿਡਾਰੀਆਂ ਦੀਉਦੋਂ ਪਛਾਣ ਹੋਈ ਅਤੇ ਇਨ੍ਹਾਂ ਵਿੱਚੋਂ ਕਰੀਬ 1400 ਖਿਡਾਰੀਆਂ ਦੇ ਬੈਂਕ ਖਾਤੇ ਹੀ ਤਸਦੀਕ ਨਹੀਂ ਹੋ ਸਕੇ। ਸਾਬਕਾ ਪੀ ਸੀ ਐਸ ਅਫਸਰ ਤੇ ਸਾਬਕਾ ਖਿਡਾਰੀ ਇਕਬਾਲ ਸਿੰਘ ਸੰਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਇਸ ਦੀ ਸ਼ਿਕਾਇਤ ਕੀਤੀ ਤਾਂ ਮੁੱਢਲੀ ਜਾਂਚ ਵਿੱਚ ਖੇਡ ਕਿੱਟਾਂ ਦੀ ਖਰੀਦ ਵਿੱਚ ਘਪਲੇ ਦਾ ਪਤਾ ਲੱਗਾ। ਇਸ ਦੇ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਸ਼ੇਸ਼ ਜਾਂਚ ਸ਼ੁਰੂ ਕਰਵਾਈ ਹੈ। ਇਸ ਕੇਸ ਵਿੱਚ ਖੇਡ ਵਿਭਾਗ ਦੇ ਓਦੋਂ ਦੇ ਡਾਇਰੈਕਟਰ ਤੇ ਜ਼ਿਲ੍ਹਾ ਖੇਡ ਅਫਸਰਾਂ ਉੱਤੇਮੁਸੀਬਤ ਪੈਣ ਦੇ ਆਸਾਰ ਹਨ।

ਪਤਾ ਲੱਗਾ ਹੈ ਕਿ ਕਰੀਬ 8900 ਖਿਡਾਰੀਆਂ ਨੂੰ ਖੇਡ ਕਿੱਟਾਂ ਖਰੀਦਣ ਵਾਸਤੇ ਪ੍ਰਤੀ ਖਿਡਾਰੀ ਤਿੰਨ ਹਜ਼ਾਰ ਰੁਪਏ ਬੈਂਕ ਖਾਤਿਆਂ ਵਿੱਚ ਸਿੱਧੇ ਭੇਜੇ ਗਏ ਸਨ। ਕਰੀਬ 2.67 ਕਰੋੜ ਰੁਪਏ ਦੀ ਰਕਮ ਖਿਡਾਰੀਆਂ ਦੇ ਖਾਤੇ ਵਿੱਚ ਪਾਉਣ ਦੇ ਬਾਅਦ ਚਰਨਜੀਤ ਸਿੰਘ ਚੰਨੀ ਸਰਕਾਰ ਨੇ ਨਵੰਬਰ 2021 ਵਿੱਚ ਖੇਡ ਕਿੱਟਾਂ ਖਰੀਦਣ ਨੂੰ ਪ੍ਰਵਾਨਗੀ ਦਿੱਤੀ ਸੀ। ਮੁੱਢਲੀ ਪੜਤਾਲ ਵਿੱਚ ਭੇਦ ਖੁੱਲ੍ਹਾ ਹੈ ਕਿ ਖਿਡਾਰੀਆਂ ਦੇ ਖਾਤਿਆਂ ਵਿੱਚ ਪਾਏ ਪੈਸਿਆਂ ਦੇ ਬਦਲੇ ਵਿੱਚ

*** ਖਿਡਾਰੀਆਂ ਨੂੰ ਇੱਕ ਹੱਥ ਪੈਸੇ ਦਿੱਤੇ, ਦੂਜੇ ਹੱਥ ਵਾਪਸ ਲੈ ਲਏ**

ਲਾਭਪਾਤਰੀਆਂ ਤੋਂ ਖੇਡ ਫਰਮਾਂ ਦੇ ਨਾਂਅ ਉੱਤੇ ਚੈਕ ਤੇ ਡਰਾਫਟ ਬਣਵਾ ਲਏ ਸਨ। ਫਿਰ ਇਨ੍ਹਾਂ ਫਰਮਾਂ ਨੇ ਖੇਡ ਕਿੱਟਾਂ ਸਪਲਾਈ ਕਰ ਦਿੱਤੀਆਂ, ਜਿਨ੍ਹਾਂ ਦੀ ਗੁਣਵੱਤਾਦਾ ਰੌਲਾ ਪਿਆ ਹੈ। ਖੇਡ ਕਿੱਟਾਂ ਵਿੱਚ ਟਰੈਕ ਸੂਟ, ਸਪੋਰਟਸ ਸ਼ੂਜ਼, ਟੀ-ਸ਼ਰਟ ਅਤੇ ਨਿੱਕਰਾਂ ਆਦਿ ਸਨ। ਸਵਾਲ ਇਹ ਉਠਿਆ ਹੈ ਕਿ ਜਦੋਂ ਖੇਡ ਵਿਭਾਗ ਨੇ ਖਿਡਾਰੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਲਾਭ ਸਕੀਮ ਹੇਠ ਪੈਸੇ ਪਾ ਦਿੱਤੇ ਸਨ ਤਾਂ ਫਿਰ ਕਿਸ ਦੇ ਕਹਿਣ ਉੱਤੇਉਨ੍ਹਾਂ ਚੈਕ ਫਰਮਾਂ ਦੇ ਨਾਂਅ ਉੱਤੇਚੈੱਕ ਲਏ ਗਏ ਸਨ।

ਇਸ ਬਾਰੇ ਖੇਡ ਵਿਭਾਗ ਦੇ ਡਾਇਰੈਕਟਰ ਨੇ 27 ਜੂਨ ਨੂੰ ਸਾਰੇ ਜ਼ਿਲ੍ਹਾ




ਖੇਡ ਅਫਸਰਾਂ ਨੂੰ ਪੱਤਰ ਭੇਜ ਕੇ ਪੁੱਛਿਆ ਸੀ ਕਿ ਖਿਡਾਰੀਆਂ ਤੋਂ ਤਿੰਨ-ਤਿੰਨ ਹਜ਼ਾਰ ਰੁਪਏ ਦੇ ਚੈਕ ਫਰਮਾਂ ਦੇ ਨਾਂਅ ਉੱਤੇ ਕਿਸ ਆਧਾਰ ਉੱਤੇਲਏ ਸਨ। ਪਹਿਲੀ ਜੁਲਾਈ ਤਕ ਜ਼ਿਲ੍ਹਾ ਖੇਡ ਅਫਸਰਾਂ ਤੋਂ ਜਵਾਬ ਮੰਗੇ ਸਨ ਤੇ ਜ਼ਿਲ੍ਹਾ ਖੇਡ ਅਫਸਰਾਂ ਨੇ ਗੋਲਮੋਲ ਜਵਾਬ ਦਿੱਤਾ ਕਿ ਜ਼ੁਬਾਨੀ ਹੁਕਮ ਉੱਤੇ ਏਦਾਂ ਕੀਤਾ ਸੀ। ਮੌਜੂਦਾ ਸਰਕਾਰ ਜਾਨਣਾ ਚਾਹੁੰਦੀ ਹੈ ਕਿ ਕਿਸ ਸਿਆਸੀ ਆਗੂ ਜਾਂ ਅਫਸਰ ਦੇ ਹੁਕਮਾਂ ਉੱਤੇ ਇਹ ਗੋਲਮਾਲ ਹੋਇਆ ਹੈ।ਖੇਡ ਵਿਭਾਗ ਦੇ ਡਾਇਰੈਕਟਰ ਨੇ ਫਿਰ ਛੇ ਜੁਲਾਈ ਨੂੰ ਜ਼ਿਲ੍ਹਾ ਖੇਡ ਅਫਸਰਾਂ ਨੂੰ ਪੱਤਰ ਲਿਖ ਕੇ ਪੁੱਛਿਆ ਕਿ ਕਿਸ ਦੇ ਜ਼ੁਬਾਨੀ ਹੁਕਮਾਂ, ਵੀਡੀਓ ਕਾਨਫਰੰਸਾਂ ਵਿੱਚ ਮਿਲੇ ਹੁਕਮਾਂ ਕਾਰਨ ਖਿਡਾਰੀਆਂ ਤੋਂ ਚੈਕ, ਡਰਾਫਟ ਲੈ ਕੇ ਵੱਖ-ਵੱਖ ਫਰਮਾਂ ਨੂੰ ਦਿੱਤੇ ਸਨ। ਇਸ ਦਾ ਜਵਾਬ ਅੱਠ ਜੁਲਾਈ ਤਕ ਦੇਣਾ ਸੀ। ਜ਼ਿਲ੍ਹਾ ਖੇਡ ਅਫਸਰ ਲੁਧਿਆਣਾ ਅਤੇ ਹੋਰਨਾਂ ਨੇ ਪੱਤਰ ਲਿਖ ਕੇ ਸਾਫ ਕਹਿ ਦਿੱਤਾ ਕਿ ਇਹ ਜ਼ੁਬਾਨੀ ਕਲਾਮੀ ਹੁਕਮ ਖੇਡ ਵਿਭਾਗ ਦੇ ਓਦੋਂ ਦੇ ਡਾਇਰੈਕਟਰ ਨੇ ਦਿੱਤੇ ਸਨ। ਮੌਜੂਦਾ ਹਾਲਾਤ ਤੋਂ ਜਾਪਦਾ ਹੈ ਕਿ ਖੇਡ ਵਿਭਾਗ ਦੇ ਓਦੋਂ ਦੇ ਡਾਇਰੈਕਟਰ ਇਸ ਕੇਸ ਵਿੱਚ ਫਸ ਸਕਦੇ ਹਨ ਅਤੇ ਸੱਟ ਜ਼ਿਲ੍ਹਾ ਖੇਡ ਅਫਸਰਾਂ ਨੂੰ ਵੀ ਪੈ ਸਕਦੀ ਹੈ। ਪੰਜਾਬ ਸਰਕਾਰ ਨੇ ਜਾਂਚ ਅੱਗੇ ਵਧਾਈ ਤਾਂ ਇਸ ਦੀ ਪੈੜ ਸਿਆਸੀ ਘਰਾਂ ਤਕ ਵੀ ਪੁੱਜ ਸਕਦੀ ਹੈ। ਪਤਾ ਲੱਗਾ ਹੈ ਕਿ ਫਰਮਾਂ ਦੇ ਨਾਂਅ ਉਤੇ ਖਿਡਾਰੀਆਂ ਤੋਂ ਜਿਹੜੇ ਚੈਕ ਲਏ ਗਏ, ਉਨ੍ਹਾਂ ਵਿੱਚੋਂ ਅੱਸੀ ਦੇ ਕਰੀਬ ਬਾਊਂਸ ਹੋ ਚੁੱਕੇ ਹਨ। ਸਬੰਧਤ ਫਰਮ ਜ਼ਿਲ੍ਹਾ ਖੇਡ ਅਫਸਰਾਂ ਨੂੰ ਘੇਰਨ ਲੱਗੀਆਂ ਹਨ। ਜਾਣਕਾਰ ਸੂਤਰਾਂ ਮੁਤਾਬਕ ਚੋਣ ਜ਼ਾਬਤੇ ਤੋਂ ਪਹਿਲਾਂ ਓਦੋਂ ਦੀ ਸਰਕਾਰ ਟੈਂਡਰਾਂ ਦੇ ਝੰਜਟ ਵਿੱਚ ਨਹੀਂ ਸੀ ਪੈਣਾ ਚਾਹੁੰਦੀ ਅਤੇ ਖਾਸ ਵਰਗਾਂ ਨੂੰ ਫਾਇਦਾ ਵੀ ਦੇਣਾ ਚਾਹੁੰਦੀ ਸੀ, ਜਿਸ ਕਰ ਕੇ ਏਦਾਂ ਕੀਤਾ ਸੀ।

ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦਾ ਕਹਿਣਾ ਹੈ ਕਿਹਾ ਕਿ ਮੁੱਢਲੀ ਜਾਂਚ ਵਿੱਚ ਖੇਡ ਕਿੱਟਾਂ ਦੀ ਖਰੀਦ ਦਾ ਪੂਰਾ ਮਾਮਲਾ ਸ਼ੱਕੀ ਹੈ ਕਿਉਂਕਿ ਜੇ ਉਦੋਂ ਮਹਿਕਮੇ ਨੇ ਸਿੱਧਾ ਲਾਭ ਸਕੀਮ ਹੇਠ ਖੇਡ ਕਿੱਟਾਂ ਦੀ ਰਾਸ਼ੀ ਖਿਡਾਰੀਆਂ ਦੇ ਖਾਤਿਆਂ ਵਿੱਚ ਪਾਈ ਸੀ ਤਾਂ ਇਹ ਖੇਡ ਫਰਮਾਂ ਦੇ ਨਾਂਅ ਉੱਤੇ ਵਾਪਸ ਲੈਣ ਦੀ ਕੀ ਤੁਕ ਸੀ। ਇੰਝ ਕਰਨਾ ਸੀ ਤਾਂ ਟੈਂਡਰ ਕਿਉਂ ਨਾ ਜਾਰੀ ਕੀਤੇ ਗਏ। ਉਨ੍ਹਾਂ ਨੇ ਕਿਹਾ ਕਿ ਖਿਡਾਰੀਆਂ ਨਾਲ ਠੱਗੀ ਵੱਜੀ ਹੈ, ਜਿਸ ਕਰ ਕੇ ਉਨ੍ਹਾਂ ਨੇ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਤੋਂ ਕਰਵਾਉਣ ਦਾ ਫੈਸਲਾ ਕੀਤਾ ਹੈ।

# ਔਜਲਾ ਵੱਲੋਂ ਮੰਗ: ਟੈਕਸਟਾਈਲ ਪਾਰਕ ਅੰਮ੍ਰਿਤਸਰ ਵਿੱਚ ਲਾ ਦਿਉ

ਅੰਮ੍ਰਿਤਸਰ, 13 ਜੁਲਾਈ (ਪੋਸਟ ਬਿਊਰੋ)- ਅੰਮ੍ਰਿਤਸਰ ਲੋਕ ਸਭ ਹਲਕੇ ਤੋਂ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਏਥੋਂ ਦੇ ਕੱਪੜਾ ਸਨਅਤਕਾਰਾਂ ਦੇ ਹਵਾਲੇ ਨਾਲ ਪੰਜਾਬ ਸਰਕਾਰ ਅੱਗੇ ਮੰਗ ਰੱਖੀ ਹੈ ਕਿ ਕੱਪੜਾ ਸਨਅਤ ਨੂੰ ਸੁਰਜੀਤ ਕਰਨ ਲਈ ਟੈਕਸਟਾਈਲ ਪਾਰਕ ਅੰਮ੍ਰਿਤਸਰ ਵਿੱਚ ਲਾਇਆ ਜਾਵੇ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਮੱਤੇਵਾੜਾ ਜੰਗਲ ਨੇੜੇ ਬਣਨ ਵਾਲਾ ਟੈਕਸਟਾਈਲ ਪਾਰਕ ਜੋ ਰੱਦ ਕੀਤਾ ਗਿਆ ਹੈ, ਅੰਮ੍ਰਿਤਸਰ ਵਿੱਚ ਲਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਕਦੇ ਵੱਖ-ਵੱਖ ਸਨਅਤਾਂ ਦਾ ਕੇਂਦਰ ਹੁੰਦਾ ਸੀ, ਪਰ ਖਾੜਕੂਵਾਦ ਤੋਂ ਬਾਅਦ ਪਛੜ ਗਿਆ ਹੈ। ਸਮੇਂ ਦੀਆਂ ਸਰਕਾਰਾਂ ਨੇ ਇਸ



ਪਾਸੇ ਧਿਆਨ ਨਹੀਂ ਦਿੱਤਾ। ਖਾੜਕੂਵਾਦ ਤੋਂ ਪਹਿਲਾਂ ਤਕ ਵਪਾਰੀ ਇੱਥੇ ਖੁਦ ਮਾਲ ਲੈਣ ਆਉਂਦੇ ਸਨ, ਪਰ ਖਾੜਕੂਵਾਦ ਵੇਲੇ ਕਈ ਸਨਅਤਕਾਰ ਵੀ ਸ਼ਹਿਰ ਛੱਡ ਕੇ ਚਲੇ ਗਏ ਸਨ।

ਸਰਹੱਦੀ ਖੇਤਰ ਦੀਆਂ ਸਨਅਤਾਂਲਈ ਪਾਰਲੀਮੈਂਟ ਵਿੱਚ ਆਵਾਜ਼ ਚੁੱਕਣ ਮਗਰੋਂ ਗੁਰਜੀਤ ਸਿੰਘ ਔਜਲਾ ਨੇ ਮੁੱਖ ਮੰਤਰੀ ਦਾ ਧਿਆਨ ਅੰਮ੍ਰਿਤਸਰ ਵੱਲ ਕੇਂਦਰਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਸਨਅਤੀ ਹੱਬ ਰਹਿ ਚੁੱਕਾ ਹੈ ਤੇ ਇੱਥੇ ਕੌਮਾਂਤਰੀ ਹਵਾਈ ਅੱਡਾ ਵੀ ਹੈ। ਇਹ ਸ਼ਹਿਰ ਰੇਲ ਤੇ ਨੈਸ਼ਨਲ ਹਾਈਵੇ ਨਾਲ ਵੀ ਜੁੜਿਆ ਹੈ। ਉਨ੍ਹਾਂ ਕਿਹਾ ਕਿ ਸਨਅਤ ਖੁੱਸਣ ਕਰਕੇ ਸਰਹੱਦੀ ਖੇਤਰ ਦੇ ਲੋਕਾਂ ਨੂੰ ਵੱਡੀ ਆਰਥਿਕ ਢਾਹ ਲੱਗੀ ਹੈ। ਉਨ੍ਹਾਂ ਚਿੰਤਾ ਨਾਲ ਕਿਹਾ ਕਿ ਅੱਜ ਮਾਝੇ ਵਿੱਚੋਂ ਸਭ ਤੋਂ ਵੱਧ ਨੌਜਵਾਨ ਵਿਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ। ਜੇ ਸਨਅਤੀ ਵਿਕਾਸ ਦਾ ਕੇਂਦਰ ਅੰਮ੍ਰਿਤਸਰ ਵਿੱਚੋਂ ਹੋਵੇਗਾ ਤਾਂ ਲੱਖਾਂ ਨੌਜਵਾਨ ਆਪਣੇ ਸ਼ਹਿਰ ਵਿੱਚ ਰਹਿ ਕੇ ਕਾਰੋਬਾਰ ਕਰਨਗੇ।

# ਗੀਤ ਲਾਉਣ ਤੋਂ ਰੋਕਣ ਉਤੇ ਪੁੱਤਰ ਵੱਲੋਂ ਪਿਤਾ ਦਾ ਕਤਲ

ਜਗਰਾਓਂ, 13 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਲੱਖਾ ਵਿੱਚ ਪੁੱਤਰ ਵੱਲੋਂ ਆਪਣੇ ਪਿਤਾ ਦੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਥਾਣਾ ਹਠੂਰ ਦੀ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।



ਥਾਣਾ ਇੰਚਾਰਜ ਹਰਦੀਪ ਸਿੰਘ ਨੇ ਦੱਸਿਆ ਕਿ ਪਿੰਡ ਲੱਖਾ ਦੇ ਨੌਜਵਾਨ ਦਵਿੰਦਰ ਸਿੰਘ ਉਰਫ ਮੰਗਾ ਨੇ ਪਿੰਡ ਦੇ ਸਰਪੰਚ ਤੇ ਹੋਰਨਾਂ ਦੀ ਹਾਜ਼ਰੀ ਵਿੱਚ ਦੱਸਿਆ ਕਿ ਉਹ ਦੋ ਭਰਾ ਤੇ ਪੰਜ ਭੈਣਾਂ ਹਨ। ਉਸ ਦਾ ਛੋਟਾ ਭਰਾ ਕਰਮ ਸਿੰਘ ਉਰਫ ਨਿੱਕਾ ਸਾਰੇ ਪਰਵਾਰ ਨਾਲ ਹਮੇਸ਼ਾ ਝਗੜਦਾ ਰਹਿੰਦਾ ਸੀ। ਰਾਤ ਉਹ ਸਪੀਕਰ ਉੱਤੇ ਉਚੀ ਆਵਾਜ਼ ਵਿੱਚ ਗੀਤ ਸੁਣ ਰਿਹਾ ਸੀ। ਉਨ੍ਹਾਂ ਦੇ ਪਿਤਾ ਜਗਰੂਪ ਸਿੰਘ ਨੇ ਜਦੋਂ ਉਸ ਨੂੰ ਗੀਤ ਲਾਉਣ ਤੋਂ ਰੋਕਿਆ ਤਾਂ ਉਹ ਭੜਕ ਗਿਆ। ਇਸ ਦੌਰਾਨ ਕਰਮ ਸਿੰਘ ਘਰ ਵਿੱਚ ਪਿਆ ਘੋਟਣਾ ਚੁੱਕ ਕੇ ਉਸ ਦੇ ਪਿਤਾ ਦੇ ਪਿੱਛੇ ਭੱਜਿਆ ਅਤੇ ਗਲੀ ਵਿੱਚ ਉਸ (ਕਰਮ ਸਿੰਘ) ਦੇ ਸਿਰ ਵਿੱਚ ਘੋਟਣਾ ਮਾਰ ਕੇ ਉਸ ਨੂੰ ਹੇਠਾਂ ਸੁੱਟ ਲਿਆ। ਸਿਰ ਵਿੱਚ ਘੋਟਣੇ ਨਾਲ ਕਈ ਵਾਰ ਹੋਣ ਕਾਰਨ ਉਨ੍ਹਾਂ ਦੇ ਪਿਤਾ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਦਾ ਪਤਾ ਲੱਗਣ ਉੱਤੇ ਸਾਬਕਾ ਸਰਪੰਚ ਪਰਮਿੰਦਰ ਸਿੰਘ ਸਣੇ ਪਿੰਡ ਦੇ ਲੋਕ ਮੌਕੇ ਉੱਤੇ ਇਕੱਠੇ ਹੋ ਗਏ। ਇਸ ਦੌਰਾਨ ਸੂਚਨਾ ਮਿਲਣ ਉੱਤੇ ਪੁੱਜੀ ਪੁਲਸ ਨੇ ਦੋਸ਼ੀ ਦੇ ਖਿਲਾਫ ਕੇਸ ਦਰਜ ਕਰਨ ਮਗਰੋਂ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਹੈ।

# ਜੀਪ-ਕਾਰ ਦੀ ਟੱਕਰ ਵਿੱਚ ਦੋ ਨੌਜਵਾਨਾਂ ਦੀ ਮੌਤ, ਤਿੰਨ ਜ਼ਖ਼ਮੀ

ਸਮਾਣਾ, 13 ਜੁਲਾਈ (ਪੋਸਟ ਬਿਊਰੋ)- ਕੱਲ੍ਹ ਦੇਰ ਰਾਤ ਸਮਾਣਾ-ਪਟਿਆਲਾ ਸੜਕਦੇ ਪਿੰਡ ਖੇੜੀ ਫੱਤਣ ਨੇੜੇ ਕਾਰ-ਜੀਪ ਦੇ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ, ਜਦਕਿ ਤਿੰਨ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਪਟਿਆਲੇ ਦੇ ਹਸਪਤਾਲਦਾਖ਼ਲ ਕਰਵਾਇਆ ਗਿਆ। ਸਦਰ ਪੁਲਸ ਨੇ ਜ਼ਖ਼ਮੀ ਲਿਆਕਤ ਸਿੰਘ ਦੇ ਬਿਆਨਾਂ ਉੱਤੇ ਜੀਪ ਚਾਲਕ ਗੁਰਜੋਤ ਸਿੰਘ ਵਾਸੀ ਵੜੈਚਾਂ ਪੱਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।



ਪੁਲਸ ਮੁਤਾਬਕ ਲਿਆਕਤ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਵੜੈਚਾਂ ਪੱਤੀ ਨੇ ਦੱਸਿਆ ਹੈ ਕਿ ਉਹ ਆਪਣੇ ਦੋਸਤਾਂ ਹਰਜੋਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਸੰਗਤਪੁਰਾ, ਬਿਕਰਮੀਤ ਸਿੰਘ ਉਰਫ ਵਿੱਕੀ ਪੁੱਤਰ ਇੰਦਰਜੀਤ ਸਿੰਘ ਵਾਸੀ ਦਰਦੀ ਕਾਲੋਨੀ ਸਮਾਣਾ ਨਾਲ ਚੰਡੀਗੜ੍ਹ ਤੋਂ ਕੰਮ ਕਰ ਕੇ ਵਾਪਸ ਸਮਾਣੇ ਆ ਰਹੇ ਸਨ। ਪਿੰਡ ਖੇੜੀ ਫੱਤਣ ਨੇੜੇ ਸਮਾਣੇ ਵੱਲੋਂ ਇੱਕ ਜੀਪਆਈ, ਜਿਸ ਨੂੰ ਗੁਰਜੋਤ ਸਿੰਘ ਪੁੱਤਰ ਹੀਰਾ ਸਿੰਘ ਚਲਾ ਰਿਹਾ ਸੀਅਤੇ ਆਪਣੇ ਦੋਸਤ ਗੁਰਮਾਨ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਵੜੈਚਾਂ ਨਾਲ ਪਟਿਆਲੇ ਜਾ ਰਿਹਾ ਸੀ।ਉਸ ਨੇ ਜੀਪ ਲਾਪ੍ਰਵਾਹੀ ਨਾਲ ਉਨ੍ਹਾਂ ਦੀ ਕਾਰ ਵਿੱਚ ਮਾਰ ਦਿੱਤੀ, ਜਿਸ ਨਾਲ ਦੋਨੋਂ ਵਾਹਨਾਂ ਵਿੱਚ ਸਵਾਰ ਪੰਜੇ ਜਣੇ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਰਾਹਗੀਰਾਂ ਅਤੇ ਉਨ੍ਹਾਂ ਦੇ ਪਿੱਛੇ ਆ ਰਹੇ ਦੋਸਤਾਂ ਸੁਖਰਾਜ ਸਿੰਘ, ਹਰਵਿੰ-ਦਰ ਸਿੰਘ ਅਤੇ ਜਸਬੀਰ ਸਿੰਘ ਨੇ ਕਾਰਾਂ ਵਿੱਚੋਂ ਕੱਢ ਕੇ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਪਹੁੰਚਾਇਆ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

RSFO
ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
Ramgarhia Sikh Foundation of Ontario
9th International Award 2022
Dedicated to the 299th Birth Anniversary of Maharaja Jassa Singh Ramgarhia
YOU ARE CORDIALLY INVITED

| | |
|---|---|
| Appetizers | 10am to 11am |
| Speeches | 11am to 1pm |
| Lunch | 1pm to 2pm |
| Presentation of Awards | 2pm to 4pm |
| Cultural Program | 4pm to 5pm |

Date: Sunday 17 July 2022
Time: 10am to 6pm
Century Gardens Recreations Complex (Auditorium 1)
340 Vodden Street East, Brampton, ON, L6V 2N2



| | | | | |
|---|---|---|---|---|
| Daljit S. Gaidhu<br>Chairman<br>416-305-9878 | Jasbir S. Sehmbi<br>Vice Chairman<br>437-774-1410 | Manjit S. Bhachu<br>President<br>416-275-2374 | Jarnail S. Matharu<br>Event President<br>416-409-6207 | Hardial S. Jheeta<br>Gen. Secretary<br>647-409-8915 |

Address: 7956 Torbram Road #40, Bldg-B, Brampton, ON, L6T 5A2, Canada

ਦੋਨੋ ਪ੍ਰੋਗਰਾਮਾਂ ਲਈ ਸੀਟ ਰਾਖਵੀਂ ਰੱਖਣ ਵਾਸਤੇ ਸੰਪਰਕ ਕਰੋ
(416) 305-9878, (416) 409-6207

4TH INTERNATIONAL SARAB SANJHA KAVI DARBAR
ਚੌਥਾ ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2022



ਸ੍ਰੀ ਗੁਰੂ ਤੇਗ ਬਹਾਦਰ ਜੀ ਦੀ
400 ਸਾਲਾ ਸ਼ਤਾਬਦੀ ਨੂੰ ਸਮਰਪਿਤ

Date: 24 July 2022
Time: 10am to 6pm
Venue: Century Gardens Recreation Complex (Auditorium-1), 340 Vodden Street East, Brampton, ON, L6V 2N2

| | |
|---|---|
| Welcome Of Guests | 22 July 2022 |
| Registration | 23 July 2022 |
| Kavi Darbar | 24 July 2022 |

Program

| | |
|---|---|
| Appetizers | 10am to 11am |
| Kavi Darbar Session 1 | 11am to 1pm |
| Lunch | 1pm to 2pm |
| Kavi Darbar Session 2 | 2pm to 4pm |
| Awards and Cultural Program | 4pm to 6pm |

Daljit S. Gaidhu (Chairman)
International Sarab Sanjha Kavi Darbar, Canada
Address: 7956 Torbram Road #40, Bldg-B, Brampton, ON, L6T 5A2, Canada
Contact: (416) 305-9878 Email: int.sskd@gmail.com

# ਕੇਂਦਰ ਅਤੇ ਦਿੱਲੀ ਦੀਆਂ ਸਰਕਾਰਾਂ ਦੇ ਅਧਿਕਾਰ ਸੁਪਰੀਮ ਕੋਰਟ ਦਾ ਸੰਵਿਧਾਨਕ ਬੈਂਚ ਤੈਅ ਕਰੇਗਾ

ਨਵੀਂ ਦਿੱਲੀ, 13 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਦੀ ਸੰਵਿਧਾਨ ਬੈਂਚ ਤੈਅ ਕਰੇਗੀ ਕਿ ਰਾਸ਼ਟਰੀ ਰਾਜਧਾਨੀ ਵਿੱਚ ਪ੍ਰਸ਼ਾਸਨਕ ਸੇਵਾਵਾਂ ਉੱਤੇ ਕੇਂਦਰ ਅਤੇ ਦਿੱਲੀ ਸਰਕਾਰ ਦੇ ਕੀ ਅਧਿਕਾਰ ਹਨ।

ਕੱਲ੍ਹ ਸੁਪਰੀਮ ਕੋਰਟ ਦੋਵਾਂ ਸਰਕਾਰਾਂ ਦੇ ਵਿਧਾਨਕ ਤੇ ਕਾਰਜਕਾਰੀ ਸ਼ਕਤੀਆਂ ਦੇ ਘੇਰੇ ਨਾਲ ਸਬੰਧਤ ਕੇਸ ਦੀ ਸੁਣਵਾਈ ਕਰਨ ਲਈ ਪੰਜ ਮੈਂਬਰੀ ਸੰਵਿਧਾਨ ਬੈਂਚ ਕਾਇਮ ਕਰਨ ਨੂੰ ਤਿਆਰ ਹੋ ਗਈ।ਚੀਫ ਜਸਟਿਸ (ਸੀ ਜੇ ਆਈ) ਜਸਟਿਸਐਨ ਵੀ ਰਾਮੰਨਾ, ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸਹਿਮਾ ਕੋਹਲੀ ਦੀ ਬੈਂਚ ਨੂੰ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਇਸ ਮੁੱਦੇ ਉੱਤੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ। ਸਿੰਘਵੀ ਨੇ ਕਿਹਾ, 'ਇਹ ਬਹੁਤ ਜ਼ਰੂਰੀ ਹੈ।



ਕਿਰਪਾ ਕਰ ਕੇ ਸੂਚੀਬੱਧ ਕਰੋ।' ਇਸ ਉੱਤੇਚੀਫ ਜਸਟਿਸ ਨੇ ਕਿਹਾ, 'ਅਸੀਂ ਕਰਾਂਗੇ।' ਛੇ ਮਈ ਨੂੰ ਸੁਪਰੀਮ ਕੋਰਟ ਨੇ ਦਿੱਲੀ ਵਿੱਚ ਪ੍ਰਸ਼ਾਸਨਕ ਸੇਵਾਵਾਂ ਦੇ ਨਾਲ ਜੁੜੇ ਮੁੱਦੇ ਨੂੰ ਪੰਜ ਜੱਜਾਂ ਦੀ ਸੰਵਿਧਾਨ ਬੈਂਚ ਕੋਲ ਭੇਜਿਆ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸੰਵਿਧਾਨ ਬੈਂਚ ਨੇ ਪ੍ਰਸ਼ਾਸਨਕ ਸੇਵਾਵਾਂ ਉੱਤੇ ਕਾਬੂ ਦੇ ਸੀਮਿਤ ਮੁੱਦੇ ਨੂੰ ਨਹੀਂ ਨਿਬੇੜਿਆ, ਸਿਰਫ ਕਾਨੂੰਨੀ ਪ੍ਰਸ਼ਨਾਂ ਉੱਤੇ ਵਿਸਥਾਰਤ ਸੁਣਵਾਈ ਕੀਤੀ ਸੀ। ਕੋਰਟ ਨੇ ਕਿਹਾ ਸੀ ਕਿ ਇਸ ਬੈਂਚ ਕੋਲ ਜੋ ਸੀਮਿਤ ਮੁੱਦਾ ਭੇਜਿਆ ਗਿਆ ਹੈ, ਉਹ 'ਸੇਵਾਵਾਂ' ਦੇ ਸਬੰਧ ਵਿੱਚ ਕੇਂਦਰ ਤੇ ਦਿੱਲੀ ਸਰਕਾਰ ਦੀਆਂ ਵਿਧਾਨਕ ਤੇ ਕਾਰਜਕਾਰੀ ਸ਼ਕਤੀਆਂ ਦੇ ਘੇਰੇ ਨਾਲ ਸਬੰਧਤ ਹੈ। ਅਦਾਲਤ ਨੇ ਸੰਵਿਧਾਨ ਦੀ ਧਾਰਾ 239 ਏ ਏ (3) (ਏ) ਦੀ ਵਿਆਖਿਆ ਤਾਂ ਕੀਤੀ, ਪਰ ਰਾਜਾਂ ਦੀ ਸੂਚੀ ਦੇ ਸ਼ਬਦਾਂ ਦੇ ਪ੍ਰਭਾਵ ਦੀ ਵਿਆਖਿਆ ਨਹੀਂ ਕੀਤੀ। ਇਸ ਕਰ ਕੇਉਹ ਅਧਿਕਾਰਤ ਐਲਾਨ ਲਈ ਸੀਮਿਤ ਮੁੱਦੇ ਨੂੰ ਇੱਕ ਸੰਵਿਧਾਨਕ ਬੈਂਚ ਦੇ ਕੋਲ ਭੇਜਣਾ ਸਹੀ ਸਮਝਦੇ ਹਨ।

# ਪਰਵਾਸੀ ਪਰਵਾਰਾਂ ਵਿੱਚ ਸਿੱਖਿਆ ਤੇ ਨੌਕਰੀ ਦੀ ਭਾਵਨਾ ਵਧੇਰੇ

* ਅਮਰੀਕਾ ਵਿੱਚ ਪਰਵਾਸੀਆਂ ਦੇ ਬੱਚੇ ਕਮਾਈ ਦੇ ਪੱਖੋਂ ਦੋ ਗੁਣਾ ਅੱਗੇ

ਅਮਰੀਕਾ, 13 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਜੱਦੀ ਨਾਗਰਿਕਾਂ ਦੇ ਬੱਚਿਆਂ ਦੇ ਮੁਕਾਬਲੇ ਭਾਰਤ ਵਰਗੇ ਦੇਸ਼ਾਂ ਤੋਂ ਆ ਕੇ ਵੱਸਣ ਵਾਲੇ ਪਰਵਾਸੀ ਲੋਕਾਂ ਦੇ ਬੱਚੇ ਕਮਾਉਣ ਦੇ ਪੱਖੋਂ ਅੱਵਲ ਰਹਿੰਦੇ ਹਨ।

ਦੋ ਅਰਥਸ਼ਾਸਤਰੀਆਂ ਨੇ ਇਹ ਦਾਅਵਾ ਆਪਣੀ ਨਵੀਂ ਕਿਤਾਬ ਵਿੱਚ ਕੀਤਾ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਰੈਨ ਅਬਰਾਮਿਟਜ਼ਕੀ ਅਤੇ ਪ੍ਰਿੰਸਟਨ ਯੂਨੀਵਰਸਿਟੀ ਦੇ ਲੀ ਬੌਸਟਨ ਨੇ ਇਹ ਕਿਤਾਬ ਲਿਖੀ ਹੈ। ਸਟ੍ਰੀਟਸ ਆਫ ਗੋਲਡ-ਅਮੈਰਿਕਾਜ਼ ਅਨਟੋਲਡ ਸਟੋਰੀ ਆਫ ਇਮੀਗ੍ਰੇਂਟ ਸਕਸੈਸ' ਨਾਂਅ ਦੀ ਇਸ ਕਿਤਾਬ ਵਿੱਚ ਉਨ੍ਹਾਂ ਨੇ ਜਨਗਣਨਾ ਦੇ ਡਾਟਾ ਤੋਂ ਜੱਦੀ ਨਾਗਰਿਕਾਂ ਅਤੇ ਪਰਵਾਸੀ ਨਾਗਰਿਕਾਂ ਦੇ ਬੱਚਿਆਂ ਦੀ ਕਮਾਈ ਦੀ ਤੁਲਨਾ ਕੀਤੀ ਹੈ। ਉਨ੍ਹਾਂ ਨੇ ਆਪਣੇ ਸਰਵੇ ਵਿੱਚ ਉਨ੍ਹਾਂ ਲੋਕਾਂ ਦੇ ਡਾਟਾ ਨੂੰ ਸ਼ਾਮਲ ਕੀਤਾ, ਜੋ 1978 ਤੋਂ 1983 ਦੇ ਵਿੱਚ ਗਰੀਬ ਪਰਵਾਰ ਵਿੱਚ ਪੈਦਾ ਹੋਏ ਸਨ। ਜਦ ਇਹ ਬੱਚੇ 35 ਤੋਂ



ਚਾਲੀ ਸਾਲ ਦੀ ਉਮਰ ਤਕ ਪਹੁੰਚੇ ਤਾਂ ਅਮਰੀਕਾ ਵਿੱਚ ਜਨਮੇ ਬੱਚਿਆਂ ਦੀ ਤੁਲਨਾ ਵਿੱਚ ਦੁੱਗਣੇ ਪੱਧਰ 'ਤੇ ਪਰਵਾਸੀ ਬੱਚੇ ਗਰੀਬੀ ਦੇ ਕੁਚੱਕਰ ਵਿੱਚੋਂ ਬਾਹਰ ਨਿਕਲ ਚੁੱਕੇ ਸਨ। ਅਰਥਸ਼ਾਤਰੀਆਂ ਨੇ ਪਤਾ ਲਾਇਆ ਕਿ ਪਰਵਾਸੀ ਬੱਚੇ ਅਮਰੀਕਾ ਵਿੱਚ ਓਨੀ ਤੇਜ਼ੀ ਨਾਲ ਸਮਾਈਕਰਦੇ ਹਨ, ਜਿੰਨੀ ਉਨ੍ਹਾਂ ਦੇ ਮਾਤਾ-ਪਿਤਾ ਨੇ ਕੀਤੀ ਸੀ

ਨੈਸ਼ਨਲ ਅਕੈਡਮਿਕਸ ਆਫ ਸਾਇੰਸਿਜ਼, ਇੰਜੀਨੀਅਰਿੰਗ ਤੇ ਮੈਡੀਸਨ ਦੀ ਸਾਲ 2017 ਦੀ ਰਿਪੋਰਟ ਅਨੁਸਾਰ ਵਿਦੇਸ਼ੀ ਨਾਗਰਿਕਾਂ ਦੀ ਦੂਸਰੀ ਪੀੜ੍ਹੀ ਅਮਰੀਕਾ ਵਿੱਚ ਸਭ ਤੋਂ ਮਜ਼ਬੂਤ ਵਿੱਤੀ ਅਤੇ ਆਰਥਿਕ ਯੋਗਦਾਨ ਕਰਨ ਵਾਲਿਆਂ ਵਿੱਚੋਂ ਹੈ। ਦੂਸਰੀ ਪੀੜ੍ਹੀ ਦੇ ਵਿਦੇਸ਼ੀਆਂ ਦੀ ਸਫਲਤਾ ਦੀਆਂ ਕਹਾਣੀਆਂ ਲੰਬੇ ਸਮੇਂ ਤੋਂ ਅਮਰੀਕੀ ਇਤਿਹਾਸ ਦਾ ਹਿੱਸਾ ਰਹੀਆਂ ਹਨ।ਖੋਜਕਾਰਾਂ ਨੂੰ ਪਤਾ ਲੱਗਾ ਕਿ ਜਿਨ੍ਹਾਂ ਦੇ ਪਿਤਾ ਘੱਟ ਆਮਦਨ ਵਾਲੇ ਪਰਵਾਸੀ ਸਨ, ਉਨ੍ਹਾਂ ਨੇ ਅਮਰੀਕਾ ਵਿੱਚ ਪੈਦਾ ਹੋਏ ਘੱਟ ਆਮਦਨ ਵਾਲੇ ਪੁਰਸ਼ਾਂ ਦੇ ਬੱਚਿਆਂ ਦੇ ਮੁਕਾਬਲੇ ਵੱਧ ਪੈਸਾ ਕਮਾਇਆ। ਇਹ ਟ੍ਰੈਂਡ ਆਉਣ ਵਾਲੇ ਕੁਝ ਹੋਰ ਦਹਾਕਿਆਂ ਤਕ ਬਣੇ ਰਹਿਣ ਦੀ ਸੰਭਾਵਨਾ ਹੈ।

# ਨਵੇਂ ਪਾਰਲੀਮੈਂਟ ਭਵਨ ਦੀ ਛੱਤ ਉੱਤੇ 'ਗੁੱਸੇ ਵਾਲੇ ਸ਼ੇਰਾਂ' ਦੇ ਚਿੱਤਰ ਤੋਂ ਵਿਰੋਧੀ ਧਿਰ ਨੂੰ ਇਤਰਾਜ਼



ਨਵੀਂ ਦਿੱਲੀ, 13 ਜੁਲਾਈ (ਪੋਸਟ ਬਿਊਰੋ)- ਵਿਰੋਧੀ ਪਾਰਟੀਆਂ ਦੇ ਮੈਂਬਰਾਂ ਤੇ ਵਰਕਰਾਂ ਨੇ ਸਰਕਾਰ ਉੱਤੇ ਅਸ਼ੋਕ ਦੀ ਲਾਟ ਦੇ 'ਮੋਹਕ ਅਤੇ ਰਾਜਸੀ ਸ਼ਾਨ ਵਾਲੇ' ਸ਼ੇਰਾਂ ਦੀ ਥਾਂ 'ਗੁੱਸੇ ਵਾਲੇ ਸ਼ੇਰਾਂ' ਦਾ ਚਿੱਤਰਣ ਕਰ ਕੇ ਰਾਸ਼ਟਰੀ ਪ੍ਰਤੀਕ ਵਜੋਂ ਉਨ੍ਹਾਂ ਨੂੰ ਬਦਲਣ ਦਾ ਦੋਸ਼ ਲਾਇਆ ਅਤੇ ਸਰਕਾਰ ਨੇ ਦੋਸ਼ ਰੱਦ ਕੀਤਾ ਹੈ।

ਲੋਕ ਸਭਾ ਵਿੱਚ ਕਾਂਗਰਸ ਦੇ ਆਗੂ ਅਧੀਨ ਰੰਜਨ ਚੌਧਰੀ ਨੇ ਕੱਲ੍ਹ ਟਵੀਟ ਕੀਤਾ, ''ਨਰਿੰਦਰ ਮੋਦੀ ਜੀ ਕਿਰਪਾ ਕਰ ਕੇ ਸ਼ੇਰ ਦੇ ਚਿੱਤਰਣ ਦੇਖੋ, ਇਹ ਮਹਾਨ ਸਾਰਨਾਥ ਦੀ ਮੂਰਤੀ ਨੂੰ ਪ੍ਰਭਾਸ਼ਿਤ ਕਰਦਾ ਜਾਂ ਗਿਰ ਦੇ ਸ਼ੇਰ ਦਾ ਵਿਗੜਿਆ ਰੂਪ ਹੈ। ਕਿਰਪਾ ਕਰ ਕੇ ਇਸ ਨੂੰ ਧਿਆਨ ਨਾਲ ਵੇਖੋ ਅਤੇ ਲੋੜ ਹੋਵੇ ਤਾਂ ਇਸ ਨੂੰ ਠੀਕ ਕਰੋ।''

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਰਸੋਂ ਨਵੇਂ ਪਾਰਲੀਮੈਂਟਭਵਨ ਦੀ ਛੱਤ ਉੱਤੇ ਰਾਸ਼ਟਰੀ ਪ੍ਰਤੀਕ ਦੀ ਘੁੰਡ-ਚੁਕਾਈ ਕੀਤੀ ਸੀ। ਇਸ ਮੌਕੇਲੋਕ ਸਭਾ ਦੇ ਸਪੀਕਰ ਓਮ ਬਿਰਲਾ ਅਤੇ ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰੀਵੰਸ਼ ਵੀ ਮੌਜੂਦ ਸਨ। ਤ੍ਰਿਣਮੂਲ ਕਾਂਗਰਸ ਦੇ ਰਾਜ ਸਭਾ ਮੈਂਬਰ ਜਵਾਹਰ ਨੇ ਰਾਸ਼ਟਰੀ ਪ੍ਰਤੀਕ ਦੀਆਂ ਦੋ ਵੱਖ-ਵੱਖ ਫੋਟੋ ਸ਼ੇਅਰ ਕਰਦਿਆਂ ਟਵੀਟ ਕੀਤਾ ਕਿ ਇਹ ਸਾਡੇ ਰਾਸ਼ਟਰੀ ਪ੍ਰਤੀਕ ਅਸ਼ੋਕ ਦੀ ਲਾਟ ਉੱਤੇਬਣੇ ਸ਼ਾਨਦਾਰ ਸ਼ੇਰਾਂ ਦਾ ਅਪਮਾਨ ਹੈ। ਖੱਬੇ ਪਾਸੇ ਮੂਲ ਤਸਵੀਰ ਤੇ ਸੱਜੇ ਪਾਸੇ ਮੋਦੀ ਵਾਲੇ ਰਾਸ਼ਟਰੀ ਪ੍ਰਤੀਕ ਦੀ ਤਸਵੀਰ ਹੈ ਜਿਸ ਨੂੰ ਨਵੇਂ ਪਾਰਲੀਮੈਂਟਭਵਨ ਦੀ ਛੱਤ ਉੱਤੇ ਲਾਇਆ ਹੈ। ਇਸ ਵਿੱਚ ਗਰਜਦੇ ਹੋਏ ਅਤੇ ਬੇਲੋੜੇ ਢੰਗ ਨਾਲ ਗੁੱਸੇ ਵਾਲੇ ਸ਼ੇਰਾਂ ਦਾ ਚਿੱਤਰਣ ਹੈ, ਇਹ ਸ਼ਰਮਨਾਕ ਹੈ। ਇਸ ਨੂੰ ਬਦਲਿਆ ਜਾਣਾ ਚਾਹੀਦਾ ਹੈ।ਇਤਿਹਾਸਕਾਰ ਐਸ ਇਰਫਾਨ ਨੇ ਵੀ ਨਵੇਂ ਪਾਰਲੀਮੈਂਟਭਵਨ ਦੀ ਛੱਤ ਉੱਤੇ ਸਥਾਪਤ ਰਾਸ਼ਟਰੀ ਪ੍ਰਤੀਕ ਉੱਤੇ ਇਤਰਾਜ਼ ਪ੍ਰਗਟ ਕੀਤਾ ਹੈ।

## ਸ੍ਰੀਲੰਕਾ ਛੱਡ ਕੇ ਭੱਜਦੇ ਰਾਜਪਕਸ਼ੇ ਨੂੰ ਏਅਰਪੋਰਟ ਸਟਾਫ਼ ਦਾ ਗੁੱਸਾ ਦੇਖ ਕੇ ਪਰਤਣਾ ਪਿਆ ਸੀ

ਕੋਲੰਬੋ, 13 ਜੁਲਾਈ (ਪੋਸਟ ਬਿਊਰੋ)- ਸ੍ਰੀਲੰਕਾ ਵਿੱਚੋਂ ਦੇਸ਼ ਛੱਡ ਕੇ ਭੱਜ ਰਹੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦੇ ਭਰਾ ਅਤੇ ਸਾਬਕਾ ਮੰਤਰੀ ਬਾਸਿਲ ਰਾਜਪਕਸ਼ੇ ਨੂੰ ਭੰਡਾਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਅਧਿਕਾਰੀਆਂ ਦੇ ਵਿਰੋਧ ਦੇ ਬਾਅਦ ਵਾਪਸ ਪਰਤਣਾ ਪਿਆ, ਜਿਸ ਦੇ ਬਾਅਦ ਉਹ ਸਮਝੌਤੇ ਅਧੀਨ ਦੇਸ਼ ਛੱਡ ਗਿਆ ਹੈ।

ਕਟੁਨਾਇਕੇ ਵਿੱਚ ਹਵਾਈ ਅੱਡੇ ਉੱਤੇ ਇਮੀਗ੍ਰੇਸ਼ਨ ਅਤੇਓਵਰਸੀਜ਼ ਅਧਿਕਾਰੀ ਕੱਲ੍ਹ ਰਾਤ ਉਸ ਸਮੇਂ ਹੜਤਾਲ ਉੱਤੇ ਚਲੇ ਗਏ, ਜਦੋਂ ਸਾਬਕਾ ਵਿੱਤ ਮੰਤਰੀ ਦੇਸ਼ ਛੱਡਣ ਦੀ ਕੋਸ਼ਿਸ਼ ਕਰ ਰਹੇ ਸਨ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਵੀਡੀਓ ਮੁਤਾਬਕ ਕੱਲ੍ਹ ਰਾਤ ਹਵਾਈ ਅੱਡੇ ਉੱਤੇ ਪੁੱਜੇ ਰਾਜਪਕਸ਼ੇ ਨੂੰ ਯਾਤਰੀਆਂ ਅਤੇ ਹੋਰ ਪਾਰਟੀਆਂ ਦੇ ਵਿਰੋਧ ਕਾਰਨ



ਪਰਤਣਾ ਪਿਆ। ਸੂਤਰਾਂ ਨੇ ਇੱਥੇ ਮੀਡੀਆ ਨੂੰ ਦੱਸਿਆ ਕਿ ਜਦੋਂ ਮੰਤਰੀ ਦੁਬਈ ਦੇ ਰਸਤੇ ਅਮਰੀਕਾ ਜਾਣ ਲਈ ਹਵਾਈ ਅੱਡੇ ਉੱਤੇ ਪੁੱਜੇ ਤਾਂ ਹਵਾਈ ਅੱਡੇ ਦੇ ਅਧਿਕਾਰੀਆਂ ਨੇ 'ਸਿਲਕ ਰੂਟ' ਵੀ ਆਈ ਪੀ ਕਲੀਅਰੈਂਸ ਟਰਮੀਨਲ ਨੂੰ ਚਲਾਉਣ ਤੋਂ ਨਾਂਹ ਕਰ ਦਿੱਤੀ। 'ਸਿਲਕ ਰੂਟ' ਯਾਤਰੀ ਟਰਮੀਨਲ ਉਹ ਜਗ੍ਹਾ ਹੈ, ਜਿੱਥੇ ਪਤਵੰਤੇ ਵਿਅਕਤੀ ਆਪਣੀਆਂ ਉਡਾਣਾਂ ਬੁੱਕ ਕਰ ਸਕਦੇ ਹਨ। ਸ੍ਰੀਲੰਕਾ ਇਮੀਗ੍ਰੇਸ਼ਨ ਡਿਪਾਰਟਮੈਂਟ ਆਫੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਕੇ ਏ ਐਸ ਕਨੁਗਲਾ ਨੇ ਦੱਸਿਆ ਕਿ ਅਗਲੇ ਨੋਟਿਸ ਤਕ ਸੇਵਾਵਾਂ ਮੁਅੱਤਲ ਰਹਿਣਗੀਆਂ।

# ਧਰਤੀ ਦੇ ਕ੍ਰਸਟ ਦਾ 400 ਕਰੋੜ ਸਾਲ ਪੁਰਾਣਾ ਟੁਕੜਾ ਮਿਲਿਆ

ਸਿਡਨੀ, 13 ਜੁਲਾਈ (ਪੋਸਟ ਬਿਊਰੋ)- ਆਸਟਰੇਲੀਆ ਦੀ ਕਰਟਿਨ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਧਰਤੀ ਦੇ ਕ੍ਰਸਟ ਦਾ ਕਰੀਬ ਚਾਰ ਸੌ ਕਰੋੜ ਸਾਲ ਪੁਰਾਣਾ ਟੁਕੜਾ ਲੱਭਿਆ ਹੈ, ਜੋ ਦੱਖਣੀ ਆਸਟਰੇਲੀਆ ਦੇ ਦੱਖਣੀ-ਪੱਛਮੀ ਹਿੱਸੇ ਦੇ ਹੇਠਾਂ ਸਥਿਤ ਹੈ। ਸਮੁੰਦਰ ਤਟ ਦੀ ਰੇਤ ਤੋਂ ਕੱਢੇ ਗਏ ਖਣਿਜ ਦੇ ਛੋਟੇ ਦਾਣੇ ਉੱਤੇ, ਵਾਲ ਤੋਂ ਪਤਲੀ ਲੇਜ਼ਰ ਫਾਇਰਿੰਗ ਕਰ ਕੇ ਉਸ ਨੂੰ ਲੱਭਿਆ ਗਿਆ ਹੈ। ਇਸ ਨਵੀਂ ਖੋਜ ਨਾਲ ਇਸ ਗ੍ਰਹਿ ਦੇ ਵਿਕਾਸ ਦੀ ਜਾਣਕਾਰੀ ਮਿਲਦੀ ਹੈ ਕਿ ਕਿਵੇਂ ਇੱਕ ਨਿਰਜਨ ਗ੍ਰਹਿ ਰਹਿਣ ਯੋਗ ਬਣਿਆ।

ਮੁੱਖ ਖੋਜੀ ਮੈਕਸਮਿਲੀਅਨ ਡ੍ਰੋਲੇਨਰ ਦਾ ਕਹਿਣਾ ਹੈ ਕਿ ਲੇਜ਼ਰ ਦੀ ਵਰਤੋਂ ਜਿਕਰੋਨ ਮਿਨਰਲ ਦੇ ਅਲੱਗ-ਅਲੱਗ ਦਾਣਿਆਂ ਨੂੰ ਵਾਸ਼ਪੀਕਰਨ ਕਰਨ ਲਈ ਕੀਤੀ ਗਈ ਸੀ। ਇਸ ਨੂੰ ਲੇਜ਼ਰ ਐਬਲੇਸ਼ਨ ਸਪਿਲਟ ਸਟਰੀਮ-ਇੰਡਕਟਿਵਲੀ



ਕਪਲਡ ਪਲਾਜ਼ਮਾ-ਮਾਸ ਸਪੈਕਟ੍ਰੋਮੈਟਰੀ ਵਜੋਂ ਜਾਣਿਆ ਜਾਂਦਾ ਹੈ, ਇਸ ਤਰ੍ਹਾਂ ਵਿਗਿਆਨੀ ਇਹ ਪਤਾ ਲਗਾ ਸਕਦੇ ਹਨ ਕਿ ਦਾਣੇ ਕਿੰਨੇ ਪੁਰਾਣੇ ਹਨ ਅਤੇ ਦੂਸਰੇ ਦਾਣਿਆਂ ਨਾਲ ਤੁਲਨਾ ਕਰ ਸਕਦੇ ਹਨ। ਇਸ ਤੋਂ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਇਹ ਦਾਣੇ ਮੂਲ ਰੂਪ 'ਚ ਕਿੱਥੋਂ ਨਸ਼ਟ ਹੋ ਗਏ ਸਨ। ਨਾਲ ਹੀ, ਇਸ ਤੋਂ ਇਲਾਕੇ ਦਾ ਭੂ-ਵਿਗਆਨਕ ਇਤਿਹਾਸ ਦੇ ਬਾਰੇ ਵਿੱਚ ਵੀ ਪਤਾ ਲੱਗਾ। ਡ੍ਰੋਲੇਨਰ ਦਾ ਕਹਿਣਾ ਹੈ ਕਿ ਧਰਤੀ ਦੇ ਕ੍ਰਸਟ ਦੇ ਇਸ ਟੁਕੜੇ ਦਾ ਆਕਾਰ ਆਇਰਲੈਂਡ ਦੇ ਆਕਾਰ ਦੇ ਬਰਾਬਰ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਸਬੂਤ ਮਿਲਿਆ ਹੈ ਕਿ ਚਾਰ ਸੌ ਕਰੋੜ ਸਾਲ ਪੁਰਾਣਾ ਇਹ ਟੁਕੜਾ, ਕਰੋੜਾਂ ਸਾਲ ਤੋਂ ਦੱਖਣੀ ਆਸਟਰੇਲੀਆ ਦੇ ਭੂ ਵਿਗਿਆਨਕ ਵਿਕਾਸ ਨੂੰ ਪ੍ਰਭਾਵਤ ਕਰ ਰਿਹਾ ਹੈ। ਨਾਲ ਹੀ, ਉਥੇ ਬਣੀਆਂ ਚੱਟਾਨਾਂ ਦੇ ਬਣਨ ਵਿੱਚ ਇਸ ਦੀ ਅਹਿਮ ਭੂਮਿਕਾ ਰਹੀ ਹੈ।

ਟੇਰਾ ਨੋਵਾ ਜਰਨਲ ਮੁਤਾਬਕ ਇਸ ਖੋਜ ਤੋਂ ਪਤਾ ਲੱਗਾ ਹੈ ਕਿ ਚਾਰ ਸੌ ਕਰੋੜ ਸਾਲ ਪਹਿਲਾਂ, ਧਰਤੀ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਬਦਲਾਅ ਹੋਇਆ ਸੀ ਕਿਉਂਕਿ ਉਲਕਾਪਿੰਡਾਂ ਦੀ ਬੰਬਾਰੀ ਘੱਟ ਹੋ ਗਈ ਸੀ, ਕ੍ਰਸਟ ਸਥਿਰ ਹੋ ਗਿਆ ਅਤੇ ਧਰਤੀ ਉੱਤੇ ਜੀਵਨ ਸਥਾਪਤ ਹੋਣਾ ਸ਼ੁਰੂ ਹੋ ਗਿਆ ਸੀ। ਵਿਗਿਆਨੀਆਂ ਦਾ ਕਹਿਣਾ ਹੈ ਕਿ ਪਹਿਲਾਂ ਕਦੀ ਇਸ ਖੇਤਰ ਦਾ ਵੱਡੇ ਪੱਧਰ ਉੱਤੇ ਸਰਵੇ ਨਹੀਂ ਕੀਤਾ ਗਿਆ। ਮੌਜੂਦਾ ਅੰਕੜਿਆਂ ਨਾਲ ਤੁਲਨਾ ਕਰਨ ਉੱਤੇ ਬਹੁਤ ਵਧੀਆ ਨਤੀਜੇ ਮਿਲੇ ਹਨ।

# ਭਰਾ-ਭੈਣ ਦੇ ਕਤਲ ਕੇਸ ਵਿੱਚ ਸੁਪਰੀਮ ਕੋਰਟ ਨੇ ਫੈਸਲਾ ਪਲਟਿਆ

*ਮੁੱਕਰੇ ਗਵਾਹ ਦੀ ਗਵਾਹੀ ਸਵੀਕਾਰ ਕੀਤੀ ਜਾ ਸਕਦੀ ਹੈ

ਨਵੀਂ ਦਿੱਲੀ, 13 ਜੁਲਾਈ (ਪੋਸਟ ਬਿਊਰੋ)- ਗਵਾਹਾਂ ਦੇ ਝੂਠੇ ਸਾਬਤ ਹੋਣ ਜਾਂ ਮੁਕਰ ਜਾਣ ਉੱਤੇ ਅਕਸਰ ਦੋਸ਼ੀਆਂ ਨੂੰ ਇਸ ਦਾ ਫਾਇਦਾ ਮਿਲਦਾ ਅਤੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਜਾਂਦਾ ਹੈ। ਅਜਿਹੇ ਕੇਸਾਂ ਬਾਰੇ ਸੁਪਰੀਮ ਕੋਰਟ ਨੇ ਅਹਿਮ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਦੇ ਜਸਟਿਸ ਐਮ ਆਰ ਸ਼ਾਹ, ਜਸਟਿਸ ਬੀ ਵੀ ਨਾਗਰਤਨਾ ਦੀ ਬੈਂਚ ਨੇ ਕਿਹਾ ਕਿ ਕਿਸੇ ਕੇਸ ਵਿੱਚ ਹੋਸਟਾਈਲ ਹੋ ਚੁੱਕੇ ਗਵਾਹ ਦੀ ਗਵਾਹੀ ਨੂੰ ਮੰਨਿਆ ਜਾ ਸਕਦਾ ਹੈ, ਬਸ਼ਰਤੇ ਉਹ ਪ੍ਰਾਸੀਕਿਊਸ਼ਨ ਦੇ ਮਾਮਲੇ ਦਾ ਸਮਰਥਨ ਕਰ ਰਹੀ ਹੋਵੇ। ਸੁਪਰੀਮ ਕੋਰਟ ਨੇ ਇਹ ਟਿੱਪਣੀ ਚੰਡੀਗੜ੍ਹ ਵਿੱਚ 2011 ਵਿੱਚ ਭਰਾ ਭੈਣ ਦੀ ਗਲਾ ਵੱਢ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਵਿੱਚ ਕੀਤੀ ਹੈ।

ਸੁਪਰੀਮ ਕੋਰਟ ਨੇ ਫੈਸਲੇ ਵਿੱਚ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਇਸ ਕੇਸ ਵਿੱਚ ਦੋਸ਼ੀ ਰਾਹੁਲ ਨੂੰ ਬਰੀ ਕਰਨ ਦੇ ਫੈਸਲੇ ਨੂੰ ਪਲਟਦੇ ਹੋਏ ਉਸ ਨੂੰ ਰੱਦ ਕਰ ਦਿੱਤਾ ਅਤੇ ਹੇਠਲੀ ਕੋਰਟ ਵੱਲੋਂ ਦਿੱਤੇ ਉਮਰ ਕੈਦ ਦੇ ਫੈਸਲੇ ਨੂੰ ਫਿਰ ਤੋਂ ਬਹਾਲ ਕਰ ਦਿੱਤਾ ਹੈ।ਸੁਪਰੀਮ ਕੋਰਟ ਨੇ ਕਿਹਾ ਕਿ ਇਸ ਕੇਸ ਦਾ ਅਹਿਮ ਗਵਾਹ ਸਿਧਾਰਥ ਵਸ਼ਿਸ਼ਟ ਕੋਰਟ ਵਿੱਚ ਆਪਣੇ ਬਿਆਨ ਤੋਂ ਮੁਕਰ ਗਿਆ ਸੀ, ਜਿਸ ਪਿੱਛੋਂ ਉਸ ਨੂੰ ਹੋਸਟਾਈਲ ਗਵਾਹ ਕਰਾਰ ਦੇ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਸਰਕਾਰੀ ਵਕੀਲ ਨੇ ਆਪਣੇ ਕੇਸ ਦੇ ਸਬੂਤਾਂ ਨੂੰ ਸਾਬਤ ਕਰਨ ਲਈ ਉਸ ਨਾਲ ਜਿਰਾਹ ਕੀਤੀ। ਗਵਾਹ ਨੇ ਕੋਰਟ ਸਾਹਮਣੇ ਦੱਸਿਆ ਸੀ ਕਿ ਕਵਿਤਾ ਅਕਸਰ ਉਸ ਨੂੰ ਦੱਸਦੀ ਸੀ ਕਿ ਰਾਹੁਲ ਉਸ ਦਾ ਪਿੱਛਾ ਕਰਦਾ ਹੈ ਅਤੇ ਉਸ ਨੂੰ ਪ੍ਰੇਸ਼ਾਨ ਕਰਦਾ ਹੈ। ਇਹ ਸਬੂਤ ਕੋਰਟ ਦੇ ਸਾਹਮਣੇ ਸਾਬਤ ਹੋ ਗਿਆ ਸੀ।

ਇਸ ਕੇਸ ਵਿੱਚ ਜਿਸ ਚਾਕੂ ਨਾਲ ਹੱਤਿਆ ਕੀਤੀ ਗਈ, ਉਹ ਜਿਸ ਦੁਕਾਨਦਾਰ ਤੋਂ ਖਰੀਦਿਆ ਗਿਆ, ਉਸ ਨੇ ਦੋਸ਼ੀ ਦੀ ਪਛਾਣ ਕੀਤੀ ਸੀ।ਕਤਲ ਸਮੇਂ ਕਾਤਲ ਰਾਹੁਲ ਦੀ ਉਂਗਲ ਉੱਤੇ ਵੀ ਚਾਕੂ ਲੱਗਾ ਸੀ, ਜਿਸ ਦਾ ਇਲਾਜ ਉਸ ਨੇ ਇੱਕ ਪ੍ਰਾਈਵੇਟ ਡਾਕਟਰ ਤੋਂ ਕਰਾਇਆ ਸੀ। ਉਸ ਡਾਕਟਰ ਨੇ ਵੀ ਗਵਾਹੀ ਵਿੱਚ ਇਸ ਦੀ ਪੁਸ਼ਟੀ ਕੀਤੀ ਸੀ। ਦੋਸ਼ੀ ਤੋਂ ਜੋ ਲੋਈ ਬਰਾਮਦ ਹੋਈ, ਉਸ ਉੱਤੇ ਲੱਗਾ ਖ਼ੂਨ ਮ੍ਰਿਤਕਾ ਦੇ ਖ਼ੂਨ ਨਾਲ ਮੈਚ ਹੋਇਆ ਸੀ।ਸੁਪਰੀਮ ਕੋਰਟ ਨੇ ਕਿਹਾ ਕਿ ਅਜਿਹੇ ਵਿੱਚ ਮਾਮਲੇ ਵਿੱਚ ਪੁਖਤਾ ਸਬੂਤ ਸਨ। ਇਹ ਮਾਮਲਾ ਹਾਲਾਤੀ ਸਬੂਤਾਂ ਉੱਤੇ ਆਧਾਰਤ ਨਹੀਂ ਸੀ।

## ਕਾਰ ਵਿੱਚ ਬੈਠੇ ਤਿੰਨ ਸਾਲਾ ਮਾਸੂਮ ਦੀ ਗਰਮੀ ਕਾਰਨ ਮੌਤ

ਮਿਆਮੀ ਗਾਰਡਨ, 13 ਜੁਲਾਈ (ਪੋਸਟ ਬਿਊਰੋ)- ਦੱਖਣੀ ਫਲੋਰੀਡਾ ਦੇ ਪ੍ਰੀਸਕੂਲ ਦੇ ਬਾਹਰ ਇੱਕ ਕਾਰ ਵਿੱਚ ਛੱਡੇ ਜਾਣ ਕਾਰਨ ਤਿੰਨ ਸਾਲਾ ਮਾਸੂਮ ਦੀ ਮੌਤ ਹੋ ਗਈ, ਜਿੱਥੇ ਉਸਦੇ ਮਾਤਾ-ਪਿਤਾ ਦੋਵੇਂ ਸਟਾਫ਼ ਮੈਂਬਰ ਹਨ।

ਮਿਆਮੀ ਹੇਰਾਲਡ ਦੀ ਰਿਪੋਰਟ ਅਨੁਸਾਰ ਬੱਚਾ ਉਸੇ ਪਰਵਾਰ ਦੇ ਕਈ ਬੱਚਿਆਂ ਵਿੱਚੋਂ ਇੱਕ ਸੀ, ਜੋ ਮਿਆਮੀ ਗਾਰਡਨ ਵਿੱਚ ਲੁਬਾਵਿੱਚ ਐਜੂਕੇਸ਼ਨਲ



ਸੈਂਟਰ ਵਿੱਚ ਪੜ੍ਹਦੇ ਹਨ। ਬਾਹਰ ਤਾਪਮਾਨ 90 ਦੇ ਦਹਾਕੇ ਦੇ ਮੱਧ ਫ਼ਾਰਨਹੀਟ ਵਿੱਚ ਸੀ। ਬੇਹੋਸ਼ੀ ਦੀ ਹਾਲਤ ਵਿੱਚ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹੇਰਾਲਡ ਦੀ ਰਿਪੋਰਟ ਅਨੁਸਾਰ ਕੱਲ੍ਹ ਦੇਰ ਰਾਤ ਪੁਲਸ ਨੇ ਮੁੰਡੇ ਦੇ ਪਿਤਾ ਤੋਂ ਪੁੱਛਗਿੱਛ ਕੀਤੀ ਸੀ। ਕੇਂਦਰ ਦੇ ਡੀਨ ਨੇ ਕੱਲ੍ਹ ਦੇਰ ਰਾਤ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ ਇਹ ਦੁਖਾਂਤ ਘਰ ਦੇ ਨੇੜੇ ਵਾਪਰਿਆ ਤੇ ਸਾਡੇ ਸਕੂਲੀ ਭਾਈਚਾਰੇ ਦੇ ਬਹੁਤ ਸਾਰੇ ਲੋਕ ਇਸ ਤੋਂ ਪ੍ਰਭਾਵਤ ਹੋਏ ਹਨ। ਕੋਰਫ ਨੇ ਕਿਹਾ ਕਿ ਕੱਲ੍ਹ ਸੈਂਟਰ ਵਿੱਚ ਸਟਾਫ ਅਤੇ ਵਿਦਿਆਰਥੀਆਂ ਲਈ ਇੱਕ ਥੈਰੇਪਿਸਟ ਅਤੇ ਸੋਗ ਸਲਾਹਕਾਰ ਉਪਲਬਧ ਹੋਵੇਗਾ।






# ਬਲਾਤਕਾਰ ਕੇਸ ਵਿੱਚ ਬੱਚੇ ਦੀ ਡੀ ਐਨ ਏ ਜਾਂਚ ਦਾ ਹੁਕਮ ਨਹੀਂ ਦੇ ਸਕਦੇ: ਸੁਪਰੀਮ ਕੋਰਟ

ਨਵੀਂ ਦਿੱਲੀ, 13 ਜੁਲਾਈ (ਪੋਸਟ ਬਿਊਰੋ)- ਨਾਬਾਲਗ ਲੜਕੀ ਨਾਲ ਹੋਏ ਬਲਾਤਕਾਰ ਪਿੱਛੋਂ ਪੈਦਾ ਹੋਏ ਬੱਚੇ ਦੀ ਡੀ ਐਨ ਏ ਜਾਂਚ ਦਾ ਹੁਕਮ ਦੇਣ ਤੋਂ ਸੁਪਰੀਮ ਕੋਰਟ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਸਕੇਸ ਵਿੱਚ ਬੱਚੇ ਦੇ ਪਿਤਾ ਦੀ ਪਛਾਣ ਗੈਰ ਪ੍ਰਸੰਗਿਕ ਹੋਵੇਗੀ।ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਸ ਐਸ ਬੋਪੰਨਾ ਦੀ ਬੈਂਚ ਨੇ ਬਲਾਤਕਾਰ ਦੇ ਦੋਸ਼ੀ ਮੁਹੰਮਦ ਸਲੀਮ ਦੀ ਅਰਜ਼ੀ ਰੱਦ ਕਰ ਦਿੱਤੀ। ਸਲੀਮ ਦੇ ਖਿਲਾਫ ਸੁਣਵਾਈ ਬਾਲ ਅਦਾਲਤ ਵਿੱਚ ਚੱਲ ਰਹੀ ਹੈ। ਡੀ ਐਨ ਏ ਜਾਂਚ ਦੀ ਅਪੀਲ ਨੂੰ ਬਾਲ ਅਦਾਲਤ ਨੇ ਵੀ ਠੁਕਰਾ ਦਿੱਤਾ ਹੈ।

ਸੁਪਰੀਮ ਕੋਰਟ ਨੇ ਕਿਹਾ,



''ਭਾਰਤੀ ਦੰਡਾਵਲੀ ਦੀ ਧਾਰਾ 376 (ਬਲਾਤਕਾਰ) ਦੇ ਜੁਰਮ ਹੇਠ ਪਿਤਾਦੀ ਪਛਾਣ ਪ੍ਰਸੰਗਿਕ ਨਹੀਂ, ਜੇ ਉਹ ਬੱਚੇ ਦਾ ਪਿਤਾ ਨਹੀਂ ਹੋਵੇਗਾ ਤਾਂ ਕੀ ਉਹ ਬਲਾਤਕਾਰ ਦੇ ਦੋਸ਼ ਤੋਂ ਮੁਕਤ ਹੋ ਜਾਵੇਗਾ। ਅਸੀਂ ਬਿਨਾਂ ਵਿਚਾਰ ਕੀਤੇ ਬੱਚੇ ਦੀ ਡੀ ਐਨ ਏ ਦੀ ਜਾਂਚ ਦੀ ਇਜਾਜ਼ਤ ਨਹੀਂ ਦੇ ਰਹੇ।'' ਬੈਂਚ ਨੇ ਕਿਹਾ, ''ਅਸੀਂ ਸੰਵਿਧਾਨ ਦੀ ਧਾਰਾ 136 ਹੇਠ ਵਿਸ਼ੇਸ਼ ਇਜਾਜ਼ਤ ਪਟੀਸ਼ਨ ਉੱਤੇ ਵਿਚਾਰ ਨਹੀਂ ਕਰਨਾ ਚਾਹੁੰਦੇ।''ਦੋਸ਼ੀ ਦੇ ਵਕੀਲ ਰਾਮ ਭਦੌਰੀਆ ਨੇ ਕਿਹਾ ਕਿ ਸਲੀਮ ਨੇ 25 ਜੂਨ 2021 ਦੇ ਇਲਾਹਾਬਾਦ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਨੇ ਸੁਲਤਾਨਪੁਰ ਸੈਸ਼ਨ ਕੋਰਟ ਦਾ ਫੈਸਲਾ ਪਲਟ ਦਿੱਤਾ ਸੀ। ਸੁਲਤਾਨਪੁਰ ਸੈਸ਼ਨ ਕੋਰਟ ਨੇ ਬੱਚੇ ਦੀ ਡੀ ਐਨ ਏ ਜਾਂਚ ਦਾ ਹੁਕਮ ਦਿੱਤਾ ਸੀ। ਵਕੀਲ ਰਾਹੀਂ ਪੇਸ਼ ਅਰਜ਼ੀ ਵਿੱਚ ਦੋਸ਼ੀ ਨੇ ਕਿਹਾ ਕਿ ਉਸ ਉੱਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਬੱਚੇ ਦਾ ਪਿਤਾ ਹੈ। ਉਸ ਨੇ ਅਰਜ਼ੀ ਵਿੱਚ ਕਿਹਾ ਕਿ ਦੋਸ਼ ਹੈ ਕਿ ਕੇਸ ਦਰਜ ਹੋਣ ਦੀ ਤਰੀਕ ਤੋਂ ਸੱਤ ਮਹੀਨੇ ਪਹਿਲਾਂ ਦੋਸ਼ੀ ਨੇ ਨਾਬਾਲਗ ਲੜਕੀ ਨਾਲ ਉਸ ਦੇ ਪਰਵਾਰ ਦੇ ਸਾਹਮਣੇ ਬਲਾਤਕਾਰ ਕੀਤਾ ਸੀ। ਇਸ ਵਿੱਚ ਕਿਹਾ ਗਿਆ ਹੈ, ਪੀੜਤ ਤੇ ਦੋਸ਼ੀ ਦੋਵਾਂ ਦਾ ਪਰਵਾਰ ਇੱਕ ਹੀ ਪਿੰਡ ਵਿੱਚ ਰਹਿੰਦਾ ਹੈ ਅਤੇ ਇੱਕ-ਦੂਸਰੇ ਦੇ ਗੁਆਂਢੀ ਹਨ।

## ਬੱਚੇ ਨੇ ਮਿਊਜ਼ੀਅਮ ਵਿੱਚ ਲੁੱਕ ਕੇ ਰਹਿ ਰਹੇ ਪਰਵਾਰ ਦੀਪੋਲ ਖੋਲ੍ਹੀ

ਵਾਸ਼ਿੰਗਟਨ, 13 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਪਰਵਾਰ ਮਿਊਜ਼ੀਅਮ ਵਿੱਚ ਲੁੱਕ ਕੇ ਰਹਿੰਦਾ ਸੀ। ਨਵੇਦਾ ਦੇ ਚਿਲਡਰਨ ਮਿਊਜ਼ੀਅਮ ਵਿੱਚ ਕੰਮ ਕਰਦੇ ਚੌਕੀਦਾਰ ਨੇ ਉਸ ਨੂੰ ਆਪਣਾ ਘਰ ਬਣਾ ਲਿਆ ਸੀ। ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਮਿਊਜ਼ੀਅਮ ਵਿੱਚ ਹੀ ਰਹਿ ਰਿਹਾ ਸੀ।ਉਸਦੇ ਦੋ ਸਾਲ ਦੇ ਬੱਚੇ ਨੂੰ ਇਕੱਲਾ ਘੁੰਮਦਿਆਂ ਦੇਖਣ ਪਿੱਚੋਂ ਮਿਊਜ਼ੀਅਮ ਪ੍ਰਸ਼ਾਸਨ ਨੂੰ ਸ਼ੱਕ ਹੋਇਆ। ਜਾਂਚ ਕਰਨ ਉੱਤੇ ਮਿਊਜ਼ੀਅਮ ਵਿੱਚ ਸਲੀਪਿੰਗ ਬੈਗ, ਕੱਪੜੇ, ਮੈਟ੍ਰਸ ਅਤੇ ਖਾਣ-ਪੀਣ ਦਾ ਸਾਮਾਨ ਮਿਲਿਆ। ਮਿਊਜ਼ੀਅਮ ਨੂੰ ਸੀਲ ਕਰ ਦਿੱਤਾ ਗਿਆ ਹੈ।

41 ਸਾਲ ਦੇ ਮੁਲਜ਼ਮ ਚੌਕੀਦਾਰ ਦੀ ਪਤਨੀ ਵੀ ਉਸੇ ਮਿਊਜ਼ੀਅਮ ਵਿੱਚ ਕੰਮ ਕਰਦੀ ਸੀ। ਦੋਨੋਂ ਨੇ ਚੁਸਤੀ ਨਾਲ ਮਿਊਜ਼ੀਅਮ ਵਿੱਚ ਆਪਣਾ ਘਰ ਬਣਾ ਲਿਆ। ਚਾਰ ਲੋਕਾਂ ਦਾ ਪੂਰਾ ਪਰਵਾਰ ਮਿਊਜ਼ੀਅਮ ਵਿੱਚ ਰਹਿੰਦਾਸੀ ਪਰ ਕਿਸੇ ਨੂੰ ਇਸ ਦੀ ਖ਼ਬਰ ਨਹੀਂ ਹੋਈ। ਕੁਝ ਦਿਨ ਪਹਿਲਾਂ ਮਿਊਜ਼ੀਅਮ ਦੇ ਬੰਦ ਹੋਣ ਤੋਂ ਬਾਅਦ ਉਸ ਵਿੱਚ ਦੋ ਸਾਲ ਦੇ ਇੱਕ ਬੱਚੇ ਨੂੰ ਘੁੰਮਦਿਆਂ ਦੇਖਿਆ ਗਿਆ ਜਿਸ ਤੋਂ ਬਾਅਦ ਸ਼ੱਕ ਹੋਣ ਉੱਤੇ ਮਿਊਜ਼ੀਅਮ ਪ੍ਰਸ਼ਾਸਨ ਨੇ ਪੂਰੀ ਬਿਲਡਿੰਗ ਦੀ ਜਾਂਚ ਕੀਤੀ ਤਾਂ ਇਹ ਭੇਦ ਖੁੱਲ੍ਹ ਗਿਆ।ਮਿਊਜ਼ੀਅਮ ਵਿੱਚ ਘਰ-ਗ੍ਰਹਿਸਥੀ ਦੇ ਸਾਰੇ ਸਾਜ਼ੋ-ਸਾਮਾਨ ਦੇ ਨਾਲ ਉਥੋਂ ਖਤਰਨਾਕ ਹਥਿਆਰ ਅਤੇ ਡਰੱਗਸ ਵੀ ਬਰਾਮਦ ਹੋਏ ਹਨ। ਜਾਂਚ ਵਿੱਚ ਇੱਥੋਂ ਏ ਕੇ 47, ਪਿਸਤੌਲ, ਹੈਂਡ-ਗ੍ਰੇਨੇਡ ਵਰਗੇ ਹਥਿਆਰ ਮਿਲੇ। ਪੁਲਸ ਨੂੰ ਸ਼ੱਕ ਹੈ ਕਿ ਹਥਿਆਰ ਤੇ ਡਰੱਗਸ ਬੱਚੇ ਦੀ ਮਦਦ ਨਾਲ ਮਿਊਜ਼ੀਅਮ ਵਿੱਚ ਪੁਚਾਏ ਸਨ। ਮਿਊਜ਼ੀਅਮ ਅਥਾਰਿਟੀ ਨੇ ਜੋੜੇ ਨੂੰ ਕੰਮ ਤੋਂ ਕੱਢ ਦਿੱਤਾ ਹੈ। ਪੁਲਸ ਨੇ ਦੋਹਾਂ ਉੱਤੇਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਮਮਤਾ ਨੇ ਸੜਕ ਕਿਨਾਰੇ ਆਪਣੇ ਹੱਥਾਂ ਨਾਲ ਬਣਾਏ ਗੋਲਗੱਪੇ ਖੁਆਏ

ਦਾਰਜੀਲਿੰਗ, 13 ਜੁਲਾਈ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਮ ਲੋਕਾਂ ਨਾਲ ਗੱਲਬਾਤ ਕਰਨ ਲਈ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਕੱਲ੍ਹ ਦਾਰਜੀਲਿੰਗ ਵਿੱਚ ਸੜਕ ਕੰਢੇ ਇੱਕ ਸਟਾਲ ਉੱਤੇ ਆਪਣੇ ਹੱਥਾਂ ਨਾਲ ਗੋਲਗੱਪੇ ਬਣਾਏ ਅਤੇ ਬੱਚਿਆਂ ਅਤੇ ਸੈਲਾਨੀਆਂ ਨੂੰ ਨਾਸ਼ਤੇ ਵਿੱਚ ਪਰੋਸੇ।

ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਵੀਡੀਓ ਵਿੱਚ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਟਰਜੀ ਨੂੰ ਆਲੂ ਮਸਲ ਕੇ ਖੋਖਲੇ ਗੋਲਗੱਪੇ ਵਿੱਚ ਭਰਨ ਪਿੱਛੋਂ ਇਮਲੀ ਦੇ ਪਾਣੀ ਵਿੱਚ ਡੁੱਬੋ ਕੇ ਲੋਕਾਂ ਨੂੰ ਪਰੋਸਦੇ ਦੇਖਿਆ ਜਾ ਸਕਦਾ ਹੈ।ਪਹਾੜੀਆਂ ਦੀ ਰਾਣੀ ਦੇ ਨਾਮ ਨਾਲ ਪ੍ਰਸਿੱਧ ਦਾਰਜੀਲਿੰਗ ਵਿੱਚ ਇੱਕ ਸਵੈ ਸਹਾਇਤਾ ਗਰੁੱਪ ਦੀਆਂ ਮਹਿਲਾਵਾਂ ਵੱਲੋਂ ਸੰਚਾਲਤ ਇੱਕ ਸਟਾਲ



ਦਾ ਦੌਰਾ ਕਰਦੇ ਹੋਏ ਮਮਤਾ ਨੇ ਫੁਚਕਾ ਬਣਾਉਣ ਵਿੱਚ ਵੀ ਆਪਣੀ ਵਿਸ਼ਸ਼ੇਤਾ ਦਿਖਾਈ। ਪੱਛਮੀ ਬੰਗਾਲ ਵਿੱਚ ਪਾਣੀ ਪੂਰੀ ਨੂੰ ਫੁਚਕਾ ਕਿਹਾ ਜਾਂਦਾ ਹੈ। ਮਮਤਾ ਨੇ ਦਾਰਜੀਲਿੰਗ ਦੀ ਪਿਛਲੀ ਯਾਤਰਾ ਵਿੱਚ ਪਹਾੜੀਆਂ ਵਿੱਚ ਸੜਕ ਕਿਨਾਰੇ ਇੱਕ ਸਟਾਲ ਉੱਤੇ ਲੋਕਪ੍ਰਿਯ ਤਿਬਤੀ ਭੋਜਨ 'ਮੋਮੋ' ਬਣਾਏ ਸੀ।

ਲਾਰੈਂਸ ਬਿਸ਼ਨੋਈ ਦਾ ਖੁਲਾਸਾ

# ਸਲਮਾਨ ਖ਼ਾਨ ਨੂੰ ਮਾਰਨ ਲਈ ਚਾਰ ਲੱਖ ਦੀ ਰਾਈਫ਼ਲ ਖ਼ਰੀਦੀ ਗਈ

ਨਵੀਂ ਦਿੱਲੀ, 13 ਜੁਲਾਈ (ਪੋਸਟ ਬਿਊਰੋ)- ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਪੁਲਸ ਜਾਂਚ ਦਾ ਸਾਹ-ਮਣਾ ਕਰ ਰਹੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਪੁੱਛਗਿੱਛ ਦੌਰਾਨ ਦੱਸਿਆ ਹੈ ਕਿ ਉਹ 2018 ਵਿੱਚ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਮਾਰਨਾ ਚਾਹੁੰਦਾ ਸੀ। ਦਿੱਲੀ ਪੁਲਸ ਦੇ ਵਿਸ਼ੇਸ਼ ਸੈਲ ਦੇ ਸੂਤਰਾਂ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਨੇ ਪੁਲਸ ਨੂੰ ਦੱਸਿਆ ਕਿ ਉਹ ਸਲਮਾਨ ਖ਼ਾਨ ਨੂੰ 1998 ਵਿੱਚ ਕਾਲਾ ਹਿਰਨ ਦਾ ਸ਼ਿਕਾਰ ਕਰਨ ਬਦਲੇ ਮਾਰਨਾ ਚਾਹੁੰਦਾ ਸੀ। ਉਸ ਨੇ ਮੰਨਿਆ ਕਿ ਉਸ ਨੇ ਆਪਣੇ ਸਹਿਯੋਗੀ ਰਾਜਗੜ੍ਹ ਦੇ ਸੰਪਤ ਨੇਹਰਾ ਨੂੰ ਸਲਮਾਨ ਖ਼ਾਨ ਨੂੰ ਮਾਰਨ ਦਾ ਸੁਨੇਹਾ ਭੇਜਿਆ ਸੀ, ਜੋ ਉਸ ਸਮੇਂ ਭਗੌੜਾ ਸੀ। ਲਾਰੈਂਸ ਬਿਸ਼ਨੋਈ ਨੇ ਪੁਲਸ ਨੂੰ ਦੱਸਿਆ ਕਿ ਸੰਪਤ ਨੇਹਰਾ ਨੂੰ ਸਲਮਾਨ ਖ਼ਾਨ ਨੂੰ ਮਾਰਨ ਲਈ ਮੁੰਬਈ ਭੇਜਿਆ ਤਾਂ ਅਤੇ ਨੇਹਰਾ ਨੇ ਉਥੇ ਸਲਮਾਨ ਦੇ ਘਰ ਦੇ ਦੁਆਲੇ ਦੀ ਰੇਕੀ ਵੀ ਕੀਤੀ ਸੀ।

ਬਿਸ਼ਨੋਈ ਨੇ ਦੱਸਿਆ ਕਿ ਨੇਹਰਾ ਕੋਲ ਉਸ ਸਮੇਂ ਸਿਰਫ਼ ਪਿਸਤੌਲ ਸੀ ਅਤੇ ਉਸ ਕੋਲ ਲੰਬੀ ਦੂਰੀ ਵਾਲਾ ਕੋਈ ਹਥਿਆਰ ਨਹੀਂ ਸੀ, ਜਿਸ ਕਰਕੇ ਉਹ ਸਲਮਾਨ ਖ਼ਾਨ ਦੇ ਘਰਹਮਲਾ ਨਹੀਂ ਕਰ ਸਕਿਆ। ਫਿਰ ਲਾਰੈਂਸ ਬਿਸ਼ਨੋਈ ਨੇ ਦਿਨੇਸ਼ ਡਾਗਰ ਨਾਂਅ ਦੇ ਵਿਅਕਤੀ ਰਾਹੀਂ ਆਰ ਕੇ ਸਪਰਿੰਗ ਰਾਈਫ਼ਲ ਦਾ ਆਰਡਰ ਦਿੱਤਾ, ਜੋ ਚਾਰ ਲੱਖ ਦੀ ਖ਼ਰੀਦੀ ਗਈ। ਇਸ ਲਈ ਡਾਗਰ ਦੇ ਇੱਕ ਸਹਿਯੋਗੀ ਅਨਿਲ ਪਾਂਡੇ ਨੂੰ ਪੈਸੇ ਦਿੱਤੇ ਗਏ। ਇਹ ਰਾਈਫ਼ਲ ਬਾਅਦ ਵਿੱਚ 2018 ਵਿੱਚ ਡਾਗਰ ਦੇ ਕਬਜ਼ੇ ਵਿੱਚੋਂ ਬਰਾਮਦ ਹੋਈ ਸੀ। ਬੀਤੀ ਛੇ ਜੁਲਾਈ ਨੂੰ ਕਾਲਾ ਹਿਰਨ ਸ਼ਿਕਾਰ ਕੇਸ ਵਿੱਚ ਸਲਮਾਨ ਖ਼ਾਨ ਦੇ ਵਕੀਲ ਹਸਤੀ ਮਲ ਸਰਸਵਤ ਨੂੰ ਲਾਰੈਂਸ ਬਿਸ਼ਨੋਈ ਗੈਂਗ ਤੋਂ ਹੱਤਿਆ ਦੀ ਧਮਕੀ ਮਿਲੀ ਸੀ।


GOLD CREW ENTERTAINMENT PROUDLY
PRESENTS
ID MEDIA
GOLDCREW
BLUE ROSE
REALTY INC. BROKERAGE
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
BVD Group
GULFLINE GROUP LTD
Infinity HVAC Ltd.
mpi print & packaging
WAVE FREIGHT
CIC
Ameri-Can
BRONZE SPONSORS
NEWGEN
Insurance Bazaar
VISIONCRAFTERS
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED
Charger
Best Bargain
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਨਦੀ ਕੰਢੇ ਮਗਰਮੱਛ ਨੇ ਨਹਾਉਣ ਗਏ 10 ਸਾਲਾ ਬੱਚੇ ਦੀ ਜਾਨ ਲਈ

ਸ਼ਿਓਪੁਰ, 13 ਜੁਲਾਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸ਼ਿਓਪੁਰ ਜ਼ਿਲ੍ਹੇ ਵਿੱਚ ਚੰਬਲ ਨਦੀ ਕੰਢੇ ਨਹਾਉਣ ਗਏ 10 ਸਾਲਾ ਬੱਚੇ ਨੂੰ ਮਗਰਮੱਛ ਨੇ ਫੜ ਲਿਆ ਤੇ ਘੜੀਸਦੇ ਹੋਏ ਨਦੀ ਵਿੱਚ ਲੈ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਬੱਚੇ ਨੂੰ ਮਗਰਮੱਛ ਵੱਲੋਂ ਫੜਿਆ ਦੇਖ ਕੇ ਉਥੇ ਮੌਜੂਦ ਪਿੰਡ ਵਾਸੀ ਇਕੱਠੇ ਹੋ ਗਏ ਅਤੇ ਜਾਲ ਵਿਛਾ ਕੇ ਮਗਰਮੱਛ ਨੂੰ ਫੜ ਲਿਆ। ਇਸ ਪਿੱਛੋਂ ਪਿੰਡ ਵਾਸੀਆਂ ਨੇ ਪੁਲਸ ਅਤੇ ਉਥੇ ਪਹੁੰਚੀ ਜੰਗਲਾਤ ਵਿਭਾਗ ਦੀ ਟੀਮ ਨੂੰ ਦੱਸਿਆ ਕਿ ਇਹ ਬੱਚਾ ਮਗਰਮੱਛ ਦੇ ਪੇਟ ਵਿੱਚ ਹੈ।ਪੁਲਸ ਅਤੇ ਜੰਗਲਾਤ



ਵਿਭਾਗ ਦੀ ਟੀਮ ਨੇ ਪਿੰਡ ਵਾਸੀਆਂ ਨੂੰ ਸਮਝਾਇਆ ਕਿ ਮਗਰਮੱਛ ਦੇ ਪੇਟ ਵਿੱਚ ਬੱਚਾ ਨਹੀਂ ਹੋ ਸਕਦਾ ਤੇ ਉਹ ਮੰਨ ਗਏ। ਇਸ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਮਗਰਮੱਛ ਨੂੰ ਛੁਡਵਾਇਆ ਗਿਆ। ਇਹ ਜਾਣਕਾਰੀ ਕੱਲ੍ਹ ਪੁਲਸ ਅਧਿਕਾਰੀ ਨੇ ਦਿੱਤੀ।

ਥਾਣਾ ਇੰਚਾਰਜ ਨੇ ਦੱਸਿਆ ਕਿ ਅਤਰ ਸਿੰਘ (10) ਪਿੰਡ ਰੀਜੇਂਟਾ ਚੰਬਲ ਨਦੀ ਕੰਢੇ ਨਹਾਉਣ ਗਿਆ ਸੀ।ਇਸੇ ਦੌਰਾਨ ਮਗਰਮੱਛ ਨੇ ਨਦੀ ਕੋਲ ਬੱਚੇ ਨੂੰ ਫੜ੍ਹ ਲਿਆ। ਓਥੇ ਮੌਜੂਦ ਪਿੰਡ ਵਾਸੀਆਂ ਨੇ ਇਸ ਤੋਂ ਬਾਅਦ ਜਾਲ ਦੀ ਮਦਦ ਨਾਲ ਮਗਰਮੱਛ ਨੂੰ ਘੇਰ ਲਿਆ, ਜਿਸ ਨੂੰ ਜੰਗਲਾਤ ਵਿਭਾਗ ਦੀ ਟੀਮ ਦੀ ਮਦਦ ਨਾਲ ਨਦੀ ਵਿੱਚੋਂ ਬਾਹਰ ਕੱਢ ਲਿਆ ਗਿਆ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਲੜਕੇ ਦੀ ਲਾਸ਼ ਦੀ ਭਾਲ ਦਰਿਆ ਵਿੱਚ ਕੀਤੀ ਗਈ ਸੀ।




